# ਗੁਰੂ ਕੇ ਮਹਾਨ ਜਰਨੈਲ

ਕਵੀਸ਼ਰੀ ਦੀ ਪੁਸਤਕ



ਕਵੀਸ਼ਰ ਜਰਨੈਲ ਸਿੰਘ ਸਭਰਾਵਾਂ ਵਾਲੇ

© ਪ੍ਰਕਾਸ਼ਕ

**GURU KE MAHAAN JARNAiL**

by

Giaani Jarnail Singh Sabhraavaan Waale

ISBN : 81-7601-769-8

ਪਹਿਲੀ ਐਡੀਸ਼ਨ ਸਤੰਬਰ 2006

ਦੂਜੀ ਐਡੀਸ਼ਨ ਜਨਵਰੀ 2015

ਭੇਟਾ : 100-00

**ਭਾ. ਚਤਰ ਸਿੰਘ ਜੀਵਨ ਸਿੰਘ**

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ/ਫ਼ੈਕਸ : (0183) 2542346, 2547974, 2557973

Visit our Website : www.csjs.com (Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ । ਫ਼ੋਨ : 2705003

# ਤਤਕਰਾ

| | |
|---|---|
| ਕਾਫ਼ੀ ਛੰਦ | 5 |
| ਸ਼ਰਧਾਂਜਲੀ | 7 |
| ਸਿੱਖ ਇਤਿਹਾਸ ਦੇ ਗੌਰਵਮਈ ਪੱਤਰੇ | 10 |
| ਸੌਹਰੇ ਤੁਰਦੀ ਧੀ ਨੂੰ ਮਾਪਿਆਂ ਵੱਲੋਂ ਸਿੱਖਿਆ | 12 |
| ਮਹਾਰਾਣੇ ਪ੍ਰਤਾਪ ਨੂੰ ਅਕਬਰ ਦੀ ਚਿੱਠੀ | 15 |
| ਚਿੱਠੀ ਦਾ ਉੱਤਰ ਮਹਾਰਾਣੇ ਪ੍ਰਤਾਪ ਵੱਲੋਂ | 17 |
| ਬੰਦਨਾ | 20 |
| ਪੰਜਾਬ ਦੇ ਉਦਾਸ ਸਾਵੇਂ | 22 |
| ਸਿੰਘਾਂ ਦੀ ਸਭ ਤੋਂ ਵੱਡੀ ਜੰਗ | 24 |
| ਬਹਾਦਰ ਬਿਧੀ ਚੰਦ | 42 |
| ਭਾਈ ਦੇਵੀ ਚੰਦ ਦਾ ਸਿਦਕ | 58 |
| 1984 ਦੀ ਘਟਨਾ | 70 |
| ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ | 71 |
| ਖਾੜਕੂ ਸੂਰਮੇ | 72 |
| ਸ਼ਹੀਦ ਊਧਮ ਸਿੰਘ | 74 |
| ਸਾਕਾ ਸਰਹੰਦ | 75 |
| ਰੂਪ ਬਸੰਤ | 78 |
| ਸ਼ਹੀਦੀ ਭਾਈ ਮਹਾਂ ਸਿੰਘ ਜੀ | 80 |
| ਦਸਤਾਰ | 97 |
| ਵਿਰਸਾ | 99 |
| ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ | 101 |
| ਇੱਕ ਦੁਖਿਆਰੀ ਭੈਣ ਭਰਾ ਦੀ ਉਡੀਕ ਵਿਚ (ਗੀਤ) | 109 |

੧ੴ ਸਤਿਗੁਰ ਪ੍ਰਸਾਦਿ ॥

# ਗੁਰੂ ਕੇ ਮਹਾਨ ਜਰਨੈਲ

ਲੇਖਕ
ਗਿ: ਜਰਨੈਲ ਸਿੰਘ ਸਭਰਾਵਾਂ ਵਾਲੇ
ਫੋ: 98156-99137
ਜੋੜੀਦਾਰ
ਮੇਜਰ ਸਿੰਘ - ਭਗਵੰਤ ਸਿੰਘ ਗਿੱਲ

ਪ੍ਰਕਾਸ਼ਕ
An I.S.O. 9001:2000 Certified Publishing House
ਭਾ. ਚਤਰ ਸਿੰਘ ਜੀਵਨ ਸਿੰਘ
ਅੰਮ੍ਰਿਤਸਰ

© ਪ੍ਰਕਾਸ਼ਕ

**GURU KE MAHAAN JARNAiL**

*by*

Giaani Jarnail Singh Sabhraavaan Waale

ISBN : 81-7601-769-8

ਪਹਿਲੀ ਐਡੀਸ਼ਨ ਸਤੰਬਰ 2006

ਦੂਜੀ ਐਡੀਸ਼ਨ ਜਨਵਰੀ 2015

ਭੇਟਾ : 100-00

ਭਾ. ਚਤਰ ਸਿੰਘ ਜੀਵਨ ਸਿੰਘ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)

ਫ਼ੋਨ/ਫ਼ੈਕਸ : (0183) 2542346, 2547974, 2557973

Visit our Website : www.csjs.com

(Printed in India)

ਪ੍ਰਿੰਟਰ : ਜੀਵਨ ਪ੍ਰਿੰਟਰਜ਼, 312, ਈਸਟ ਮੋਹਨ ਨਗਰ, ਅੰਮ੍ਰਿਤਸਰ । ਫ਼ੋਨ : 2705003

## ਤਤਕਰਾ

ਕਾਫ਼ੀ ਛੰਦ 5
ਸ਼ਰਧਾਂਜਲੀ 7
ਸਿੱਖ ਇਤਿਹਾਸ ਦੇ ਗੌਰਵਮਈ ਪੱਤਰੇ 10
ਸੌਹਰੇ ਤੁਰਦੀ ਧੀ ਨੂੰ ਮਾਪਿਆਂ ਵੱਲੋਂ ਸਿੱਖਿਆ 12
ਮਹਾਰਾਣੇ ਪ੍ਰਤਾਪ ਨੂੰ ਅਕਬਰ ਦੀ ਚਿੱਠੀ 15
ਚਿੱਠੀ ਦਾ ਉੱਤਰ ਮਹਾਰਾਣੇ ਪ੍ਰਤਾਪ ਵੱਲੋਂ 17
ਬੰਦਨਾ 20
ਪੰਜਾਬ ਦੇ ਉਦਾਸ ਸਾਵੇਂ 22
ਸਿੰਘਾਂ ਦੀ ਸਭ ਤੋਂ ਵੱਡੀ ਜੰਗ 24
ਬਹਾਦਰ ਬਿਧੀ ਚੰਦ 42
ਭਾਈ ਦੇਵੀ ਚੰਦ ਦਾ ਸਿਦਕ 58
1984 ਦੀ ਘਟਨਾ 70
ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ 71
ਖਾੜਕੂ ਸੂਰਮੇ 72
ਸ਼ਹੀਦ ਊਧਮ ਸਿੰਘ 74
ਸਾਕਾ ਸਰਹੰਦ 75
ਰੂਪ ਬਸੰਤ 78
ਸ਼ਹੀਦੀ ਭਾਈ ਮਹਾਂ ਸਿੰਘ ਜੀ 80
ਦਸਤਾਰ 97
ਵਿਰਸਾ 99
ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ 101
ਇੱਕ ਦੁਖਿਆਰੀ ਭੈਣ ਭਰਾ ਦੀ ਉਡੀਕ ਵਿਚ (ਗੀਤ) 109

# ਕਾਫੀ ਛੰਦ

1

ਗੋਇੰਦਵਾਲ ਦੀ ਧਰਤ ਪਵਿੱਤਰ,
ਹੈਸੀ ਅੰਮ੍ਰਿਤ ਵੇਲਾ ਜੀ ।
ਪੰਦਰਾਂ ਸੌ ਤਰੇਠ ਈਸਵੀ,
ਮਹਾਂ ਵਸਾਖ ਸੁਹੇਲਾ ਜੀ ।
ਪੂਜਣ ਜੋਗ ਪਵਿੱਤਰ ਹਸਤੀ,
ਦੁਨੀਆਂ ਵਿਚ ਪਛਾਨੀ ਮਾਂ !
ਪੈਦਾ ਕੀਤੇ ਜਿਨ ਗੁਰ ਅਰਜਨ,
ਕਰਮਾਂ ਵਾਲੀ ਭਾਨੀ ਮਾਂ ।

2

ਧੰਨ ਧੰਨ ਸਤਿਗੁਰ ਅਮਰ ਦਾਸ ਦੀ,
ਹੈ ਸੀ ਛੋਟੀ ਪੁੱਤਰੀ ਜੋ ।
ਸੇਵਾ ਸਿਮਰਨ ਅਣਖ ਆਣ ਵਿੱਚ,
ਹਰ ਥਾਂ ਪੂਰੀ ਉੱਤਰੀ ਜੋ ।
ਦੇਸ ਧਰਮ ਦੀ ਸੇਵਾ ਦੇ ਲਈ,
ਪਾਏ ਵਰ ਮਹਾਂਨੀ ਮਾਂ !
ਪੈਦਾ ਕੀਤੇ ਜਿਨ ਗੁਰ ਅਰਜਨ,
ਕਰਮਾਂ ਵਾਲੀ ਭਾਨੀ ਮਾਂ !

3

ਸੋਢੀ ਬੰਸ ਪਵਿੱਤਰ ਧੰਨ ਧੰਨ,
ਰਾਮਦਾਸ ਗੁਰ ਪਿਆਰੇ ਜੀ ।
ਤੀਜੇ ਗੁਰ ਦੀ ਸੇਵਾ ਦੇ ਵਿੱਚ,
ਜਿਨ ਕਈ ਬਰਸ ਗੁਜ਼ਾਰੇ ਜੀ,
ਹੱਥੀਂ ਸੇਵਾ ਮੂੰਹੋਂ ਸਿਮਰਨ ।
ਪੜ੍ਹਦੀ ਨਿੱਤ ਗੁਰਬਾਣੀ ਮਾਂ !
ਪੈਦਾ ਕੀਤੇ ਜਿਨ ਗੁਰ ਅਰਜਨ,
ਕਰਮਾਂ ਵਾਲੀ ਭਾਨੀ ਮਾਂ !

4

ਦੋਹਤਾ ਹੈ ਬਾਣੀ ਕਾ ਬੋਹਿਥਾ,
ਨਾਨੇ ਗੁਰ ਫੁਰਮਾਇਆ ਏ ।

ਕਲਯੁੱਗ ਅੰਦਰ ਡੁੱਬਦੀ ਦੁਨੀਆਂ,
ਪਾਰ ਕਰਨ ਲਈ ਆਇਆ ਏ ।
ਭਾਗਾਂ ਵਾਲੀ ਮਨਸਾ ਦੇਵੀ,
ਬਣੀ ਜੋ ਗੁਰ ਕੀ ਨਾਨੀ ਮਾਂ !
ਪੈਦਾ ਕੀਤੇ ਜਿਨ ਗੁਰ ਅਰਜਨ,
ਕਰਮਾਂ ਵਾਲੀ ਭਾਨੀ ਮਾਂ !

5

ਮੋਹਣ ਤੇ ਮੋਹਰੀ ਮਾਮੇ ਲੱਗਦੇ,
ਵੱਡਿਆਂ ਭਾਗਾਂ ਵਾਲੇ ਜੋ ।
ਤੀਜੇ ਗੁਰ ਦੇ ਲਾਲ ਲਾਡਲੇ,
ਰੀਝਾਂ ਲਾ ਕੇ ਪਾਲੇ ਜੋ ।
ਮਾਸੀ ਲੱਗਦੀ ਗੁਰ ਅਰਜਨ ਦੀ,
ਵੱਡੀ ਬੀਬੀ ਦਾਨੀ ਮਾਂ !
ਪੈਦਾ ਕੀਤੇ ਜਿਨ ਗੁਰ ਅਰਜਨ ।
ਕਰਮਾ ਵਾਲੀ ਭਾਨੀ ਮਾਂ !

6

ਗੁਰ ਪੁੱਤਰੀ ਗੁਰ ਪਤਨੀ ਬਣਗੀ,
ਅੱਜ ਗੁਰ ਮਾਤਾ ਬਣਗੀ ਉਹ ।
ਕਾਇਮ ਮਿਸਾਲ ਜਗਤ ਵਿਚ ਕਰਗੀ,
ਐਸਾ ਪੁੱਤਰ ਜਣਗੀ ਉਹ ।
ਗੁਰ ਦਾਦੀ ਪੜਦਾਦੀ ਗੁਰ ਕੀ,
ਐਸੀ ਬਣੀ ਲਾਸਾਨੀ ਮਾਂ !
ਪੈਦਾ ਕੀਤੇ ਜਿਨ ਗੁਰ ਅਰਜਨ,
ਕਰਮਾਂ ਵਾਲੀ ਭਾਨੀ ਮਾਂ !

7

ਧੀਰਜ ਧਰਮ ਤੇ ਸਹਿਣਸ਼ੀਲਤਾ,
ਸ਼ਾਂਤਮਈ ਦੀ ਹੱਦ ਨਹੀਂ ।
ਕਿਸੇ ਵੀ ਮਾਂ ਨੇ ਪੁੱਤਰ ਜਣਿਆਂ,
ਅੱਜ ਤੱਕ ਇਸ ਤੋਂ ਵੱਧ ਨਹੀਂ ।
ਸੱਚ ਪੁੱਛੋ ਜਰਨੈਲ ਕਵੀ ਤੋਂ,
ਵਿੱਚ ਨਾ ਦੋਹੀਂ ਜਹਾਨੀਂ ਮਾਂ !
ਪੈਦਾ ਕੀਤੇ ਜਿਨ ਗੁਰ ਅਰਜਨ,
ਕਰਮਾਂ ਵਾਲੀ ਭਾਨੀ ਮਾਂ !



# ਸਰਧਾਂਜਲੀ

ਸ਼ਹੀਦ ਭਾਈ ਸਤਵੰਤ ਸਿੰਘ ਦੀ ਬਰਸੀ ਤੇ ਉਨ੍ਹਾਂ ਦੇ ਪਿੰਡ ਅਗਵਾਨ ਵਿੱਚ ਦਾਸ ਦੇ ਜਥੇ ਵੱਲੋਂ ਗਾਈ ਗਈ ਕਵੀਸ਼ਰੀ ਦਾ ਇੱਕ ਨਮੂਨਾ !

1

ਧੰਨ ਮਾਂ ਨੇ ਪੈਦਾ ਕੀਤਾ ਸਤਵੰਤ ਸੂਰਮਾਂ ।
ਨਾਲ ਉਸ ਦੇ ਦੂਸਰਾ ਬੇਅੰਤ ਸੂਰਮਾਂ ।
ਸਿੱਖ ਕੌਮ ਨੂੰ ਤੇਰੇ ਤੇ ਬੜਾ ਮਾਣ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਤੇਰਾ ਭੁੱਲੂ ਨਾ ਅਹਿਸਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

2

ਕੀਤਾ ਇੰਦਰਾ ਨੇ ਹੱਲਾ ਗੁਰੂ ਦਰਬਾਰ ਤੇ ।
ਪੁੱਤ ਮਾਂਵਾਂ ਦੇ ਬੇਦੋਸ਼ੇ ਪਾਪੀਆਂ ਨੇ ਮਾਰਤੇ ।
ਓਥੇ ਖਾਲਸੇ ਦੇ ਲੱਖ ਗਏ ਸੀ ਘਾਣ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਤੇਰਾ ਭੁੱਲੂ ਨਾ ਅਹਿਸਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

3

ਢੱਠਾ ਵੇਖਿਆ ਤੂੰ ਜਦੋਂ ਤਖ਼ਤ ਅਕਾਲ ਨੂੰ ।
ਓਦੋਂ ਕੀਤਾ ਸੀ ਪ੍ਰਣ ਸੋਧਾਂਗੇ ਚੰਡਾਲ ਨੂੰ ।
ਡਿੱਠਾ ਗੁਰੂ ਘਰ ਹੋਇਆ ਜਾਂ ਵਰਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਤੇਰਾ ਭੁੱਲੂ ਨਾ ਅਹਿਸਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

4

ਜਦੋਂ 31 ਅਕਤੂਬਰ ਦਾ ਦਿਨ ਆਇਆ ਸੀ ।
ਭਾਜੀ ਮੋੜ ਕੇ ਨਿਉਂਦਾ ਦੁਗਣਾਂ ਤੂੰ ਪਾਇਆ ਸੀ ।
ਕੱਢੀ ਗੋਲੀਆਂ ਨਾਂ ਇੰਦਰਾ ਦੀ ਜਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

ਸਿੱਖ ਕੌਮ ਤੇਰਾ ਭੁੱਲੂ ਨਾ ਅਹਿਸਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

5

ਜਾਨ ਮੌਕੇ ਉੱਤੇ ਦੇ ਗਿਆ ਸੂਰਮਾਂ ਬੇਅੰਤ ਸੀ ।
ਤੇਰਾ ਲੈਣਾ ਤਕਦੀਰ ਵੱਖਰਾ ਕੋਈ ਅੰਤ ਸੀ ।
ਮੌਤ ਮੜ੍ਹ ਗਈ ਸੀ ਸਿਰ ਉੱਤੇ ਆਂਣ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਤੇਰਾ ਭੁੱਲੂ ਨਾ ਅਹਿਸਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

6

ਜੱਗੋਂ ਵੱਖਰਾ ਹੈ ਸਾਕਾ ਕੌਮ ਦੇ ਮੁਰੀਦ ਦਾ ।
ਤੈਨੂੰ ਦਿੱਤਾ ਸੀ ਖਿਤਾਬ ਕੌਮ ਜ਼ਿੰਦਾ ਸ਼ਹੀਦ ਦਾ ।
ਜੱਗੋ ਵੱਖਰਾ ਸੀ ਤੇਰਾ ਇਮਤਿਹਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਤੇਰਾ ਭੁੱਲੂ ਨਾ ਅਹਿਸਾਂਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

7

ਸ਼ਾਦੀ ਫੌਟੋ ਨਾਂ ਕਰਾਈ ਤੇਰੇ ਘਰ ਵਾਲੀ ਨੇ ।
ਗੱਲ ਸਿਰ ਨਾਂ ਨਿਭਾਈ ਤੇਰੇ ਘਰ ਵਾਲੀ ਨੇ ।
ਤੈਨੂੰ ਉਡੀਕਦੀ ਦੇ ਸੁੱਕਗੇ ਪਰਾਣ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਤੇਰਾ ਭੁੱਲੂ ਨਾ ਅਹਿਸਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

8

ਤੇਰੇ ਪਿੱਛੋ ਹੱਥ ਧੋ ਕੇ ਪੈ ਗਿਆ ਜਨੂਨ ਸੀ ।
ਟੰਗ ਛਿੱਕੇ ਉਤੇ ਦਿੱਤੇ ਹਾਕਮਾਂ ਕਨੂੰਨ ਸੀ ।
ਆਗੂ ਦੇਸ਼ ਦੇ ਸੀ ਹੋਗੇ ਬੇਈਮਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਨੂੰ ਤੇਰੇ ਤੇ ਬੜਾ ਮਾਣ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।



9

ਤੇਈ ਪੋਹ ਦਾ ਦਿਨ ਚੜ੍ਹਿਆ ਸ਼ੁੱਕਰਵਾਰ ਸੀ ।
ਤੇਰੀ ਮੌਤ ਵਾਲੀ ਘੜੀ ਕੀਤੀ ਜਾਂ ਤਿਆਰ ਸੀ ।
6 ਜਨਵਰੀ ਦੇ ਵੱਜੇ 8 ਆਣ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਨੂੰ ਤੇਰੇ ਤੇ ਬੜਾ ਮਾਣ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

10

ਹੱਸ ਚੜ੍ਹ ਗਿਓਂ ਫਾਂਸੀ ਛੱਡ ਕੇ ਜੈਕਾਰੇ ਤੂੰ ।
ਯਾਦ ਰਹਿਣੇ ਜਰਨੈਲਾ ਮਾਅਰਕੇ ਜੋ ਮਾਰੇ ਤੂੰ ।
ਤੇਰੀ ਗੌਣਗੇ ਸ਼ਹੀਦੀ ਵਿਦਵਾਨ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।
ਸਿੱਖ ਕੌਮ ਨੂੰ ਤੇਰੇ ਤੇ ਬੜਾ ਮਾਣ ਸੂਰਮਿਆਂ,
ਲਿਆ ਬਦਲਾ ਚੁਰਾਸੀ ਵਾਲਾ ।

*

# ਸਿੱਖ ਇਤਿਹਾਸ ਦੇ ਗੌਰਵਮਈ ਪੱਤਰੇ

(ਵਾਰ)

ਪੰਨੇ ਸਿੱਖ ਇਤਿਹਾਸ ਦੇ,
ਕਰਕੇ ਸੁਣੋ ਖਿਆਲ ।
ਲਿਖੇ ਜੋ ਸਾਡੇ ਵੱਡਿਆਂ,
ਲਾਲ ਲਹੂ ਦੇ ਨਾਲ ।
ਫਿਰ ਤਵੀਆਂ ਉੱਪਰ ਬੈਠ ਕੇ,
ਗੁਰ ਪੰਜਵੇਂ ਘਾਲੀ ਘਾਲ ।
ਤਦ ਨੱਥ ਜਬਰ ਨੂੰ ਪਾਉਣ ਲਈ,
ਗੁਰ ਛੇਵੇਂ ਕਰੀ ਕਮਾਲ ।
ਮੁੱਕ ਚੱਲੇ ਹਿੰਦੂ ਧਰਮ ਨੂੰ,
ਗੁਰ ਨੌਵੇਂ ਲਿਆ ਸੰਭਾਲ ।
ਹੱਸ ਵਾਰੇ ਚਾਰੇ ਦੇਸ ਤੋਂ,
ਗੁਰੂ ਗੋਬਿੰਦ ਸਿੰਘ ਨੇ ਲਾਲ ।
ਫਿਰ ਸਿੰਘ ਗੁਰੂ ਦਸਮੇਸ਼ ਦੇ,
ਬਣ ਭਾਰਤ ਮਾਂ ਦੀ ਢਾਲ ।
ਵਿੱਚ ਲੜ ਕੇ ਘੱਲੂਘਾਰਿਆਂ,
ਸਿੰਘ ਨ੍ਹਾਤੇ ਰੱਤ ਦੇ ਨਾਲ ।
ਸਿੱਖ ਮਾਂਵਾਂ ਧਰਮ ਨਾ ਡੋਲੀਆਂ,
ਕੋਹ ਸੁੱਟੇ ਦੁਸ਼ਮਣਾਂ ਬਾਲ ।
ਅਸੀਂ ਰੋਕੇ ਨਾਦਰ ਸ਼ਾਹ ਜਿਹੇ,
ਜੋ ਮੰਨੇ ਬੜੇ ਚੰਡਾਲ ।
ਅਸੀਂ ਵੇਖਿਆ ਅਹਿਮਦ ਸ਼ਾਹ ਵੀ,
ਝੱਲ ਸਕਿਆ ਨਾ ਸਾਡੀ ਝਾਲ ।
ਸਾਡੇ ਨਲੂਏ ਤੇ ਰਣਜੀਤ ਦੀ,
ਵਿੱਚ ਜੱਗ ਦੇ ਕੈਮ ਮਿਸਾਲ ।
ਜਿਸ ਮੰਗਤੇ ਸ਼ਾਹ ਬਣਾ ਦਿੱਤੇ,
ਜੋ ਜਨਮਾਂ ਦੇ ਕੰਗਾਲ ।



ਅਸੀਂ ਬਦਲਾ ਲੈਣਾ ਜਾਣਦੇ,
ਲੰਘ ਜਾਣ ਚਾਹੇ ਇੱਕੀ ਸਾਲ ।
ਭਾਵੇਂ ਮੱਸਾ ਲਖਪਤ, ਇੰਦਰਾ,
ਜੋ ਖਹਿ ਗਏ ਸਾਡੇ ਨਾਲ ।
ਸਭ ਗਿਣ ਗਿਣ ਲਾਹੀਆਂ ਭਾਜੀਆਂ,
ਅਸੀਂ ਰੱਖੀ ਅਣਖ ਬਹਾਲ ।
ਅਸੀਂ ਮੰਨੀਏ ਗੁਰੂ ਗ੍ਰੰਥ ਨੂੰ,
ਤੇ ਪੂਜੀਏ ਇੱਕ ਅਕਾਲ !
ਸੰਗਤ ਜੀ ਪੂਜੀਏ,
ਇੱਕ ਅਕਾਲ !

*

## (ਸਿੱਖਿਆ)

# ਸੌਹਰੇ ਤੁਰਦੀ ਧੀ ਨੂੰ ਮਾਪਿਆਂ ਵੱਲੋਂ ਸਿੱਖਿਆ

(ਦੋਤਾਰਾ ਛੰਦ)

1

ਘਰ ਛੱਡ ਕੇ ਮਾਪਿਆਂ ਦਾ,
ਧੀਏ ਹੋਗੀਓਂ ਅੱਜ ਪਰਾਈ ।
ਸੋਹਣਾ ਕੁੱਲ ਦੁਨੀਆਂ ਤੋਂ,
ਜਿਸ ਦੇ ਲੜ ਮਾਪਿਆਂ ਨੇ ਲਾਈ ।
ਦੁੱਖ ਕੱਟਦੂ ਜਨਮਾਂ ਦੇ,
ਦਿਲ ਵਿੱਚ ਨਾਨਕ ਨਾਮ ਧਿਆਵੀਂ ।
ਇਹ ਸਿੱਖਿਆ ਮਾਪਿਆਂ ਦੀ,
ਰੱਖੀਂ ਯਾਦ ਸਦਾ ਸੁੱਖ ਪਾਵੀਂ ।

2

ਦੁਨੀਆਂ ਦੇ ਮਾਲਕ ਨੇ,
ਤੇਰਾ ਜਿਸ ਨਾਲ ਲੇਖ ਲਖਾਇਆ ।
ਬੰਨ੍ਹ ਸਿਹਰੇ ਸ਼ਗਨਾਂ ਦੇ,
ਅੱਜ ਉਹ ਤੈਨੂੰ ਵਿਆਵਣ ਆਇਆ ।
ਪਤੀ ਰਾਮ ਰੂਪ ਸਮਝੀਂ,
ਸੇਵਾ ਸੀਤਾ ਵਾਂਗ ਕਮਾਵੀਂ ।
ਇਹ ਸਿੱਖਿਆ ਮਾਪਿਆਂ ਦੀ,
ਰੱਖੀਂ ਯਾਦ ਸਦਾ ਸੁੱਖ ਪਾਵੀਂ ।

3

ਸ਼ੁਭ ਦਿਨ ਹੈ ਸ਼ਗਨਾਂ ਦਾ,
ਸੋਹਣਾ ਵੇਲਾ ਘੜੀ ਮਹੂਰਤ ।
ਰੱਬ ਰੂਪ ਪਤੀ ਤੇਰਾ,
ਜਿਸ ਦੀ ਜੱਗੋਂ ਵੱਖਰੀ ਸੂਰਤ ।
ਨਿੱਤ ਉੱਠ ਸਵੇਰੇ ਤੂੰ,
ਚਰਨੀਂ ਹੱਥ ਪਤੀ ਦੇ ਲਾਵੀਂ ।



ਇਹ ਸਿੱਖਿਆ ਮਾਪਿਆਂ ਦੀ,
ਰੱਖੀਂ ਯਾਦ ਸਦਾ ਸੁੱਖ ਪਾਵੀਂ ।

4

ਰਜਨੀ ਦਮਯੰਤੀ ਤੇ,
ਹੋਰ ਅਨੇਕਾਂ ਧਰਮਣ ਮਾਵਾਂ ।
ਜੋ ਪਤੀਬਰਤ ਰਹੀਆਂ,
ਤੁਰਨਾ ਤੂੰ ਉਹਨਾਂ ਦੇ ਰਾਹਵਾਂ ।
ਭੁੱਲਣੀ ਮਾਂ ਭਾਗੋ ਨਾ,
ਬਣਜੇ ਭੀੜ ਨਹੀਂ ਘਬਰਾਵੀਂ ।
ਇਹ ਸਿੱਖਿਆ ਮਾਪਿਆਂ ਦੀ,
ਰੱਖੀਂ ਯਾਦ ਸਦਾ ਸੁੱਖ ਪਾਵੀਂ ।

5

ਭੁੱਲਣੀ ਗੁਰਬਾਣੀ ਨਾ,
ਰਹਿਣਾ ਵਹਿਮ ਭਰਮ ਤੋਂ ਉੱਚੇ ।
ਜੀਵਨ ਗੁਰਸਿੱਖਾਂ ਦੇ,
ਹੁੰਦੇ ਦੇਵਤਿਆਂ ਤੋਂ ਸੁੱਚੇ ।
ਬਾਬਲ ਦੇ ਬਾਗ ਦੀਏ,
ਕਲੀਏ ਸੁੱਚੀ ਮਹਿਕ ਖੰਡਾਵੀਂ ।
ਇਹ ਸਿੱਖਿਆ ਮਾਪਿਆਂ ਦੀ,
ਰੱਖੀਂ ਯਾਦ ਸਦਾ ਸੁੱਖ ਪਾਵੀਂ ।

6

ਮਾਂ ਪਿਉ ਹੈ ਸੱਸ ਸਹੁਰਾ,
ਹਰਦਮ ਆਗਿਆ ਦੇ ਵਿੱਚ ਰਹਿਣਾ ।
ਦੇਵਰ ਹੈ ਵੀਰ ਨਿੱਕੇ,
ਨੰਣਦਾਂ ਸਮਝੀਂ ਸਕੀਆਂ ਭੈਣਾਂ ।
ਬਹਿ ਕੇ ਵਿੱਚ ਓਪਰਿਆਂ,
ਸਭ ਤੋਂ ਘਰ ਦਾ ਭੇਤ ਛੁਪਾਵੀਂ ।
ਇਹ ਸਿੱਖਿਆ ਮਾਪਿਆਂ ਦੀ,
ਰੱਖੀਂ ਯਾਦ ਸਦਾ ਸੁੱਖ ਪਾਵੀਂ ।

7

ਚਿੱਤ ਸ਼ਾਂਤ ਸੁਭਾਅ ਮਿੱਠਾ,
ਨੀਵੇਂ ਨੈਣ ਨਿਮਰਤਾ ਚਾਰੇ ।
ਸ਼ੁਭ ਗੁਣ ਇਹ ਔਰਤ ਦੇ,
ਮੰਨੇ ਵਿਦਵਾਨਾਂ ਨੇ ਸਾਰੇ ।
ਉੱਠ ਅੰਮ੍ਰਿਤ ਵੇਲੇ ਤੂੰ,
ਬਾਣੀ ਗੁਰ ਨਾਨਕ ਦੀ ਗਾਵੀਂ ।
ਇਹ ਸਿੱਖਿਆ ਮਾਪਿਆਂ ਦੀ,
ਰੱਖੀਂ ਯਾਦ ਸਦਾ ਸੁੱਖ ਪਾਵੀਂ ।

8

ਜਸਵਿੰਦਰ ਚਰਨਜੀਤ ਦੀ,
ਜੋੜੀ ਸੋਹਣੀ ਰੱਬ ਰਲਾਈ ।
ਜਰਨੈਲ ਕਵੀਸ਼ਰ ਕਹੇ,
ਸਾਡੇ ਵੱਲੋਂ ਲੱਖ ਵਧਾਈ ।
ਮਾਂ ਪਿਓ ਤੇ ਵੀਰਾਂ ਦਾ,
ਸੌਹਰੇ ਘਰ ਜਾ ਮਾਣ ਵਧਾਵੀਂ ।
ਇਹ ਸਿੱਖਿਆ ਮਾਪਿਆਂ ਦੀ,
ਰੱਖੀਂ ਯਾਦ ਸਦਾ ਸੁੱਖ ਪਾਵੀਂ ।

*



# ਮਹਾਰਾਣੇ ਪ੍ਰਤਾਪ ਨੂੰ ਅਕਬਰ ਦੀ ਚਿੱਠੀ

ਮੁਗਲ ਬਾਦਸ਼ਾਹ ਅਕਬਰ ਨੇ ਭਾਰਤ ਦੇ ਰਾਜਪੂਤਾਂ ਨੂੰ ਜ਼ਲੀਲ ਕਰਨ ਲਈ ਉਹਨਾਂ ਦੀਆਂ ਧੀਆਂ ਦੇ ਡੋਲੇ ਜਬਰਨ ਮੰਗਣੇ ਸ਼ੁਰੂ ਕੀਤੇ । ਅਣਖੀ ਰਾਜਪੂਤ ਰਾਣੇ ਪ੍ਰਤਾਪ ਨੂੰ ਜੋ ਉਸ ਨੇ ਧਮਕੀਆਂ-ਭਰੀ ਚਿੱਠੀ ਲਿਖੀ ਉਸ ਦਾ ਵੇਰਵਾ ਇਸ ਪ੍ਰਕਾਰ ਹੈ :—

## ਕੋਰੜਾ ਛੰਦ

1

ਲਿਖਦਾ ਮੁਗਲ ਰਾਣੇ ਪ੍ਰਤਾਪ ਨੂੰ ।
ਚਿੱਠੀ ਪੜ੍ਹ ਮੇਰੀ ਲਾ ਲੈ ਤੂੰ ਹਿਸਾਬ ਨੂੰ
ਸਿੱਖ ਲੈ ਸਬਕ ਵੱਡਿਆਂ ਦੇ ਵੈਰ ਤੋਂ ।
ਈਨ ਮੰਨ ਬਚਣਾ ਜੇ ਮੇਰੇ ਕਹਿਰ ਤੋਂ ।

2

ਖਿਲਜੀ ਨੇ ਰਾਣੇ ਸਾਂਗੇ ਨੂੰ ਉਜਾੜਿਆ ।
ਗਿਆ ਸੀ ਚਤੌੜ ਪੈਰਾਂ 'ਚ ਲਤਾੜਿਆ ।
ਸੜੀ ਉਹਦੀ ਰਾਣੀ ਡਰ ਬੰਦੇ ਗੈਰ ਤੋਂ ।
ਈਨ ਮੰਨ ਬਚਣਾ ਜੇ ਮੇਰੇ ਕਹਿਰ ਤੋਂ ।

3

ਨੱਠਾ ਤੇਰਾ ਬਾਪ ਛੱਡ ਕੇ ਮਵਾੜ ਨੂੰ ।
ਛੇਲਿਆਂ ਕੀ ਰੋਕ ਲੈਣਾ ਬਘਿਆੜ ਨੂੰ ।
ਜੈਮਲ ਤੇ ਫੱਤਾ ਮੈਂ ਹਲਾਤੇ ਪੈਰ ਤੋਂ ।
ਈਨ ਮੰਨ ਬਚਣਾ ਜੇ ਮੇਰੇ ਕਹਿਰ ਤੋਂ ।

4

ਰਾਜਪੂਤ ਅੱਗੇ ਹੋਰ ਕਈ ਬਥੇਰੇ ਮੈਂ ।
ਪਿੰਜਰੇ 'ਚ ਪਾਤੇ ਵਾਂਗਰਾਂ ਬਟੇਰੇ ਮੈਂ ।
ਡਰਦੇ ਸਪੇਰੇ ਨਹੀਂ ਸੱਪਾਂ ਦੇ ਜ਼ਹਿਰ ਤੋਂ ।
ਈਨ ਮੰਨ ਬਚਣਾ ਜੇ ਮੇਰੇ ਕਹਿਰ ਤੋਂ ।

5

ਰੌਂਦਾਂ ਸਾਲੀ ਧੀ ਦਾ ਕਰ ਮੈਨੂੰ ਸਾਕ ਤੂੰ ।
ਭੇਜ ਦੇ ਮਹਿਲੀਂ ਮੇਰੇ ਡੋਲਾ ਆਪ ਤੂੰ ।
ਬਚਣਾਂ ਜੇ ਚੌਂਹਨਾਂ ਜੰਗਲਾਂ ਦੀ ਸੈਰ ਤੋਂ ।
ਈਨ ਮੰਨ ਬਚਣਾ ਜੇ ਮੇਰੇ ਕਹਿਰ ਤੋਂ ।

6

ਚੇਤਕ ਜੋ ਘੋੜਾ ਰੱਖਿਆ ਸ਼ੰਗਾਰ ਕੇ ।
ਭੇਜ ਦੇ ਤੂੰ ਹੱਥੀਂ ਆਪਣੀ ਸਵਾਰ ਕੇ ।
ਰੀਸ ਨਹੀਂ ਸਮੁੰਦਰਾਂ ਦੀ ਹੋਣੀ ਨਹਿਰ ਤੋਂ ।
ਈਨ ਮੰਨ ਬਚਣਾ ਜੇ ਮੇਰੇ ਕਹਿਰ ਤੋਂ ।

7

ਜੈਮਲ ਤੇ ਫੱਤਾ ਵੀਰ ਜੋਧ ਕੇ ਸਣੇ ।
ਛੱਡੇ ਮੈਂ ਪਹਾੜੀਏ ਚਬਾ ਕੇ ਸੀ ਚਣੇ ।
ਪੁੱਛ ਲੈ ਬੇਸ਼ੱਕ ਜਰਨੈਲ ਸ਼ਾਇਰ ਤੋਂ ।
ਈਨ ਮੰਨ ਬਚਣਾ ਜੇ ਮੇਰੇ ਕਹਿਰ ਤੋਂ ।

*



# ਚਿੱਠੀ ਦਾ ਉੱਤਰ ਮਹਾਰਾਣੇ ਪ੍ਰਤਾਪ ਵੱਲੋਂ

ਅਣਖ ਬੀਰਤਾ ਅਤੇ ਗੈਰਤ ਦਾ ਮਾਲਕ ਮਹਾਰਾਣਾ ਪ੍ਰਤਾਪ ਬਾਦਸ਼ਾਹ ਅਕਬਰ ਦੀ ਚਿੱਠੀ ਪੜ੍ਹ ਕੇ ਜੋਸ਼ ਵਿੱਚ ਆ ਕੇ ਜੋ ਉਸ ਦਾ ਉੱਤਰ ਲਿਖਦਾ ਪਉੜੀ ਵਿਚ ਸੁਣੋ ।

## ਪਉੜੀ ਛੰਦ

1

ਲਿਖਿਆ ਇਉਂ ਪ੍ਰਤਾਪ ਨੇ,
ਗੱਲ ਸੁਣ ਲੈ ਅਕਬਰ ।
ਗੱਲਾਂ ਨਾਲ ਖਿਆਲ ਦੇ,
ਸਭ ਪੁਣ ਲੈ ਅਕਬਰ ।
ਮੈਂ ਜੂਝਾਂ ਵਿੱਚ ਮੈਦਾਨ ਦੇ,
ਲਾਂ ਧੌਂਸੀਂ ਡੱਗੇ ।
ਝੁਕਣਾ ਨਹੀਂ ਪ੍ਰਤਾਪ ਨੇ,
ਮੁਗਲਾਂ ਦੇ ਅੱਗੇ ।

2

ਰਾਜ ਨਸ਼ੇ ਵਿੱਚ ਕਰ ਰਿਹਾਂ,
ਦੁਸ਼ਟਾ ਮਨ ਆਈਆਂ ।
ਧੱਕੇ ਨਾਲ ਵਿਆਂਵਦਾ,
ਹਿੰਦੂਆਂ ਦੀਆਂ ਜਾਈਆਂ ।
ਚਾਹੁੰਨਾਂ ਅਣਖੀ ਮਰਦ ਦੀ,
ਹੱਥ ਪੌਣਾ ਪੱਗੇ ।
ਝੁਕਣਾ ਨਹੀਂ ਪ੍ਰਤਾਪ ਨੇ,
ਮੁਗਲਾਂ ਦੇ ਅੱਗੇ ।

3

ਨਾ ਮੈਂ ਡੋਲਾ ਦੇਵਣਾ,
ਨਹੀਂ ਦੇਣਾ ਘੋੜਾ ।
ਰਹਿਣਾ ਤੇਰੀ ਹਿੱਕ ਤੇ,
ਮੈਂ ਬਣ ਕੇ ਫੋੜਾ ।

ਬਿਜਲੀ ਵਾਂਗਰ ਸ਼ੇਰ ਦੇ,
ਸੀ ਨੇਤਰ ਜੱਗੇ
ਝੁਕਣਾ ਨਹੀਂ ਪ੍ਰਤਾਪ ਨੇ,
ਮੁਗਲਾਂ ਦੇ ਅੱਗੇ ।

4

ਪਾਲਿਆ ਅਣਖੀ ਮਾਂ ਨੇ,
ਦੇ ਅਣਖ ਦੀ ਲੋਰੀ ।
ਸਮਝੀਂ ਨਾ ਵਿੱਚ ਸ਼ੇਰ ਦੇ,
ਗਿੱਦੜਾ ਕਮਜ਼ੋਰੀ ।
ਮੈਂ ਪਾੜ ਸੁੱਟਾਂ ਤਲਵਾਰ ਨਾਂ,
ਲੋਹੇ ਦੇ ਝੱਗੇ ।
ਝੁਕਣਾ ਨਹੀਂ ਪ੍ਰਤਾਪ ਨੇ,
ਮੁਗਲਾਂ ਦੇ ਅੱਗੇ ।

5

ਅੱਗੇ ਅਣਖ ਵਿਆਹ ਗਏ,
ਜੈਮਲ ਤੇ ਫੱਤਾ ।
ਜਾਨ ਤਲੀ ਤੇ ਰੱਖ ਕੇ,
ਰਣ ਕਰ ਗਏ ਤੱਤਾ ।
ਅਣਖ ਪਿਆਰੀ ਅਸਾਂ ਨੂੰ,
ਜ਼ਿੰਦਗੀ ਤੋਂ ਲੱਗੇ ।
ਝੁਕਣਾ ਨਹੀਂ ਪ੍ਰਤਾਪ ਨੇ,
ਮੁਗਲਾਂ ਦੇ ਅੱਗੇ ।

6

ਰਾਜ ਨਸ਼ੇ ਦੇ ਲੋਰ ਵਿੱਚ,
ਤੂੰ ਰਿਹਾ ਹੈਂ ਮੱਛਰ ।
ਜਾਣ ਬੁੱਝ ਕੇ ਛੇੜ ਨਾ,
ਭੂੰਡਾਂ ਦੀ ਖੱਖਰ ।
ਰਾਜਪੂਤ ਦੇ ਪੁੱਤ ਵੀ,
ਨਹੀ ਸੋਹਲ ਸਲੱਗੇ ।
ਝੁਕਣਾ ਨਹੀਂ ਪ੍ਰਤਾਪ ਨੇ,
ਮੁਗਲਾਂ ਦੇ ਅੱਗੇ ।



7

ਲਿਖਿਆ ਇਉਂ ਪ੍ਰਤਾਪ ਨੇ,
ਚਿੱਠੀ ਦਾ ਉੱਤਰ ।
ਅਣਖ ਗਵਾ ਕੇ ਜੀਊਣ ਨਾ,
ਮਰਦਾਂ ਦੇ ਪੁੱਤਰ ।
ਜਰਨੈਲ ਕਵੀ ਦੇ ਬੋਲ ਨਾ,
ਸਮਝੀਂ ਤੂੰ ਘੱਗੇ ।
ਝੁਕਣਾ ਨਹੀਂ ਪ੍ਰਤਾਪ ਨੇ,
ਮੁਗਲਾਂ ਦੇ ਅੱਗੇ ।

☆

# ਬੰਦਨਾ

1

ਸਿਰਤਾਜ ਸ਼ਹੀਦਾਂ ਦੇ ਤੱਕ ਲਈ ਓਟ ਦਾਸ ਨੇ ਤੇਰੀ ।
ਵਿਚ ਆ ਕੇ ਸੰਗਤ ਦੇ ਰੱਖਣੀ ਲਾਜ ਮਾਲਕਾ ਮੇਰੀ ।
ਤਾਰਨ ਲਈ ਦੁਖੀਆਂ ਦੇ ਸੋਹਣਾ ਰਚਿਆ ਅੰਮ੍ਰਿਤਸਰ ਆ ।
ਧੰਨ ਅਰਜਨ ਦੇਵ ਗੁਰੂ ਤੇਰੀ ਸ਼ਰਨ ਪੜੇ ਸੋ ਤਰਿਆ ।

2

ਵਿਚ ਜਾ ਕੇ ਮੰਡੀ ਦੇ ਕੀਤਾ ਯਾਦ ਜਦੋਂ ਕਲਿਆਣੇ ।
ਕਹਿੰਦਾ ਸਿੱਖ ਤੇਰੇ ਤੇ ਸਾਹਿਬਾ ਅੱਜ ਵਰਤ ਗਏ ਭਾਣੇ ।
ਆ ਡਿੱਗਾ ਚਰਨਾਂ ਤੇ ਰਾਜਾ ਜੋ ਹੈਂਕੜ ਦਾ ਭਰਿਆ ।
ਧੰਨ ਅਰਜਨ ਦੇਵ ਗੁਰੂ .......

3

ਤੁਸੀਂ ਰਾਜੇ ਹਰੀ ਸੈਨ ਦੀ ਕੱਟਤੀ ਸੁਫਨੇ ਵਿਚ ਚੁਰਾਸੀ ।
ਜੋ ਮੰਦਿਆਂ ਕਰਮਾਂ ਦੀ ਦਿੱਤੀ ਬਦਲ ਤੁਸਾਂ ਨੇ ਰਾਸੀ
ਸੁਫਨੇ ਵਿਚ ਰਾਜੇ ਦਾ ਬੀਤਿਆ ਜਨਮ ਚੰਡਾਲਾਂ ਘਰਿਆ ।
ਧੰਨ ਅਰਜਨ ਦੇਵ ਗੁਰੂ ..........

4

ਸੱਤਾ ਬਲਵੰਡਾ ਵੀ ਹੋ ਕੇ ਬੇਮੁਖ ਹੋ ਗਏ ਕੋਹੜੇ ।
ਲੱਧੇ ਉਪਕਾਰੀ ਨੇ ਚਰਨੀਂ ਫੇਰ ਤੁਸਾਂ ਦੇ ਜੋੜੇ ।
ਉਹ ਤਰਲੇ ਕਰਦਿਆਂ ਨੂੰ ਤੁਸਾਂ ਤੋਂ ਵੇਖ ਗਿਆ ਨਾ ਜਰਿਆ ।
ਧੰਨ ਅਰਜਨ ਦੇਵ ਗੁਰੂ ..........

5

ਸੰਮਣ ਤੇ ਮੂਸਣ ਨੇ ਸੇਵਾ ਜਦੋਂ ਤੁਸਾਂ ਦੀ ਕੀਤੀ ।
ਤੂੰ ਦਿਲ ਦੀ ਜਾਣ ਗਿਆ ਜਿਹੜੀ ਨਾਲ ਉਹਨਾਂ ਦੇ ਬੀਤੀ ।
ਸੁਣ ਅਵਾਜ਼ ਤੁਹਾਡੀ ਨੂੰ ਪਲ ਵਿਚ ਸਿਖ ਜੀ ਪਿਆ ਮਰਿਆ ।
ਧੰਨ ਅਰਜਨ ਦੇਵ ਗੁਰੂ ..........

6

ਬਾਣੀ ਦਾ ਜਹਾਜ਼ ਤੁਸੀਂ ਸੋਹਣਾ ਗੁਰੂ ਗ੍ਰੰਥ ਬਣਾਇਆ
ਜਿਸਦੀ ਗੁਰਬਾਣੀ ਨੂੰ ਪੜ੍ਹਦਾ ਸੁਣਦਾ ਗਿਆ ਤਰਾਇਆ
ਸੁਣ ਧੁਰ ਕੀ ਬਾਣੀ ਨੂੰ ਤਪਦੇ ਸੀਨੇ ਜਾਂਦੇ ਠਰਿਆ
ਧੰਨ ਅਰਜਨ ਦੇਵ ਗੁਰੂ ..........



7

ਸ਼ਹੀਦਾਂ ਨੂੰ ਜਨਮ ਦਿੱਤਾ ਸੜਦੀ ਲੋਹ ਤੇ ਆਸਣ ਲਾ ਕੇ ।
ਮਿੱਠਾ ਮੰਨਿਆਂ ਭਾਣੇ ਨੂੰ ਤੱਤੀ ਰੇਤਾ ਸੀਸ ਪੁਵਾ ਕੇ ।
ਜਰਨੈਲ ਕਵੀਸ਼ਰ ਨੇ ਤਾਹੀਓਂ ਜੱਸ ਤੁਸਾਂ ਦਾ ਕਰਿਆ ।
ਧੰਨ ਅਰਜਨ ਦੇਵ ਗੁਰੂ .........

*

# ਪੰਜਾਬ ਦੇ ਉਦਾਸ ਸਾਵੇਂ

1

ਸਾਵੇਂ ਸਾਵੇਂ, ਆ ਜਾਣ ਸਾਲ ਨੂੰ ਭਾਵੇਂ,
ਉਹਨਾਂ ਨੂੰ ਨਹੀਂ, ਚੰਗੇ ਲੱਗਦੇ,
ਵੇ ਜਿਹੜੇ ਹੋਣ ਨਾਂ ਜਹਾਂਨ ਵਿੱਚ ਸਾਵੇਂ ।

2

ਕਾਂਵਾਂ ਕਾਂਵਾਂ, ਕਿਹਨੂੰ ਕਹਿ ਕੇ ਵੀਰ ਬੁਲਾਵਾਂ,
ਅੰਮਾਂ ਜਾਇਆ ਗਿਆ ਮਾਰਿਆ,
ਕੀਹਦੇ ਆਸਰੇ ਮੈ ਪੇਕਿਆਂ ਨੂੰ ਜਾਵਾਂ ।

3

ਤਾਰੇ ਤਾਰੇ, ਸਦਾ ਜੀਵਣ ਪੁੱਤਰ ਪਿਆਰੇ,
ਰੋ ਰੋ ਮਾਂਵਾਂ ਹੋਣ ਅੰਨ੍ਹੀਆਂ,
ਜਦੋਂ ਟੁਟਦੇ ਅੱਖਾਂ ਦੇ ਤਾਰੇ ।

4

ਖੀਵੇ ਖੀਵੇ, ਸਦਾ ਵੀਰ ਭੈਣ ਦਾ ਜੀਵੇ,
ਮਰ ਜਾਂਦੇ ਵੀਰ ਜਿਨ੍ਹਾਂ ਦੇ,
ਵੇ ਬੁਝ ਜਾਂਦੇ ਨੇ ਘਰਾਂ 'ਚੋਂ ਦੀਵੇ ।

5

ਕੋਹਵੇ ਕੋਹਵੇ, ਐਸੀ ਕਿਸੇ ਨਾਲ ਨਾ ਹੋਵੇ,
ਤੇਰੇ ਤੋਂ ਬਗੈਰ ਵੀਰ ਵੇ,
ਮਾਂ ਲੱਗ ਕੇ ਧੀਆਂ ਦੇ ਗਲ ਰੋਵੇ ।

6

ਕੋਈ ਕੋਈ, ਨਾ ਜੀਊਂਦੀ ਤੇ ਨਾ ਮੋਈ,
ਪੂਰਨ ਤੋਂ ਬਿਨਾਂ ਇੱਛਰਾਂ,
ਅੰਨ੍ਹੀ ਅੱਖੀਆਂ ਤੋਂ ਰੋ ਰੋ ਕੇ ਹੋਈ ।

7

ਭੈਣਾਂ ਭੈਣਾਂ, ਰੋ ਰੋ ਹੋਈਆਂ ਫਿਰਨ ਸੁਦੈਣਾਂ,
ਰੱਬ ਸਾਡਾ ਵੀਰ ਖੋਹ ਲਿਆ,
ਕਿਹੜੇ ਜੁਗ ਦਾ ਸੀ ਵੈਰ ਸਾਥੋਂ ਲੈਣਾ ।



8

ਖੋਵੇ ਖੋਵੇ, ਐਸੀ ਕਿਸੇ ਨਾਲ ਨਾ ਹੋਵੇ,
ਤੇਰੀ ਮੌਤ ਲੱਕ ਤੋੜਤਾ,
ਬੁੱਢਾ ਬਾਪ ਮੰਜੀ ਤੇ ਬੈਠਾ ਰੋਵੇ ।

9

ਕੋਹਵੇ ਕੋਹਵੇ, ਐਸੀ ਕਿਸੇ ਨਾਲ ਨਾ ਹੋਵੇ,
ਰੱਖੜੀ ਦੀ ਪੁੰਨਿਆਂ ਤੇ,
ਭੈਣ ਰੱਖੜੀ ਬੰਨ੍ਹਣ ਨੂੰ ਰੋਵੇ ।

10

ਹਾਏ ਹਾਏ, ਕਾਲੇ ਬੱਦਲ ਪੰਜਾਬ ਤੇ ਛਾਏ,
ਪਾਪਾਂ ਵਾਲੀ ਅੱਗ ਮੱਚਦੀ,
ਲੱਖਾਂ ਮਰਦੇ ਮਾਵਾਂ ਦੇ ਜਾਏ ।

11

ਹੀਰੇ ਹੀਰੇ ਨਿੱਤ ਛੁਰੀ ਜ਼ੁਲਮ ਦੀ ਚੀਰੇ,
ਭੈਣਾਂ ਘਰ ਉਡੀਕਦੀਆਂ,
ਵੇ ਗਏ ਮੁੜੇ ਨਾ ਜਿਨ੍ਹਾਂ ਦੇ ਵੀਰੇ ।

12

ਚਾਂਦੀ ਚਾਂਦੀ, ਨਿੱਤ ਚਿੰਤਾ ਹੱਡਾਂ ਨੂੰ ਖਾਂਦੀ,
ਵੀਰਾ ਜਦੋਂ ਭਾਬੋਂ ਰੋਂਵਦੀ,
ਮੈਥੋਂ ਵੇਖ ਕੇ ਝੱਲੀ ਨਹੀਂ ਜਾਂਦੀ ।

*

ੴ ਸ੍ਰੀ ਵਾਹਿਗੁਰੂ ਜੀ ਦਾ ਫ਼ਤਹਿ ॥

# ਸਿੰਘਾਂ ਦੀ ਸਭ ਤੋਂ ਵੱਡੀ ਜੰਗ

## ਪ੍ਰਸੰਗ ਵੱਡਾ ਘੱਲੂਘਾਰਾ

ਚੌਦਾਂ ਜਨਵਰੀ ਸਤਾਰਾਂ ਸੌ ਇਕਾਹਠ ਈਸਵੀ ਵਿਚ ਮਰਹੱਟਿਆਂ ਨੂੰ ਹਾਰ ਦੇ ਕੇ ਅਹਿਮਦ ਸ਼ਾਹ ਅਬਦਾਲੀ ਨੂੰ ਬੜਾ ਹੰਕਾਰ ਹੋ ਗਿਆ ਕਿ ਮੇਰੇ ਮੁਕਾਬਲੇ ਤੇ ਹੁਣ ਕੋਈ ਕੌਮ ਭਾਰਤ ਵਿਚ ਨਹੀਂ ਰਹੀ। ਪਰ ਸ਼ਾਬਾਸ਼ ਗੁਰੂ ਗੋਬਿੰਦ ਸਿੰਘ ਜੀ ਦੇ ਜੋਧਿਆਂ ਦੇ, ਜਿਨ੍ਹਾਂ ਨੇ ਚਾਰ ਪੰਜ ਮਹੀਨਿਆਂ ਵਿਚ ਸਾਰੇ ਪੰਜਾਬ ਤੇ ਕਬਜ਼ਾ ਕਰ ਲਿਆ। ਸ: ਜੱਸਾ ਸਿੰਘ ਆਹਲੂਵਾਲੀਏ ਨੇ ਲਾਹੌਰ ਤੇ ਕਬਜ਼ਾ ਕਰਕੇ ਪੰਜਾਬ ਦਾ ਬਾਦਸ਼ਾਹ ਹੋਣ ਦਾ ਐਲਾਨ ਕੀਤਾ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ ਚਲਾਇਆ ਤੇ ਖੁਵਾਜਾ ਅਬੇਦ ਖਾਂ ਦਾ ਨੱਕ ਵਿਚ ਦਮ ਲਿਆ ਦਿਤਾ। ਇਹ ਖਬਰਾਂ ਜਦੋਂ ਅਬਦਾਲੀ ਨੂੰ ਮਿਲੀਆਂ ਤਾਂ ਉਸ ਨੇ ਖਾਲਸਾ ਪੰਥ ਦਾ ਭਾਰਤ ਵਿਚੋਂ ਨਾਮੋ-ਨਿਸ਼ਾਨ ਮਿਟਾਣ ਦਾ ਫੈਸਲਾ ਕਰ ਲਿਆ ਤੇ ਬਹੁਤ ਸਾਰੀ ਫੌਜ ਇਕੱਠੀ ਕਰਕੇ ਉਹਨਾਂ ਦੇ ਸਾਹਮਣੇ ਖਲੋ ਕੇ ਖਾਲਸਾ ਕੌਮ ਦਾ ਨਾਮੋ-ਨਿਸ਼ਾਨ ਮਿਟਾ ਦੇਣ ਦਾ ਇਉਂ ਪ੍ਰਣ ਕਰਦਾ ਹੈ।

### ਡਬਲ ਕੋਰੜਾ

1

*ਗੁੱਸਾ ਆ ਗਿਆ ਹੈ ਭਾਰੀ ਪਾਪੀ ਅਬਦਾਲੀ ਨੂੰ।*
*ਕਹਿੰਦਾ ਛੱਡਣਾ ਨਹੀਂ ਤੀਸਰੇ ਪੰਥ ਅਕਾਲੀ ਨੂੰ।*
*ਹੁਣ ਓਨ੍ਹਾਂ ਚਿਰ ਤੇਗ ਨਾ ਮਿਆਨੇ ਪਾਵਾਂਗਾ।*
*ਨਾਮ ਖਾਲਸੇ ਦਾ ਉੱਕਾ ਦੇਸ਼ 'ਚੋਂ ਮਿਟਾਵਾਂਗਾ।*

2

*ਮੈਂ ਹਾਂ ਦੁਨੀਆਂ ਜੋਤੂ ਕਿਹੜਾ ਜਿੱਤੂ ਲੜ ਕੇ।*
*ਅਸੀ ਹਿੰਦ ਵਿਚੋਂ ਕੁੜੀਆਂ ਲਿਔਂਦੇ ਫੜ ਕੇ।*
*ਘਰੀਂ ਪਿੱਟਣੇ ਸਿੰਘਾਂ ਦੇ ਚਲ ਕੇ ਪਵਾਵਾਂਗਾ।*
*ਨਾਮ ਖਾਲਸੇ ਦਾ..........*

3

*ਮੈਥੋਂ ਹਾਰ ਗਏ ਮਰਹੱਟੇ ਜਿਹੜੇ ਮੰਨੇ ਸੂਰਮੇਂ।*
*ਮੇਰੀ ਤੇਗ ਨੇ ਬਥੇਰੇ ਅੱਗੇ ਭੰਨੇ ਸੂਰਮੇਂ।*
*ਅੱਗ ਦਿਲਾਂ ਦੀ ਸਿੰਘਾਂ ਦੇ ਖੂਨ 'ਚ ਬੁਝਾਵਾਂਗਾ।*
*ਨਾਮ ਖਾਲਸੇ ਦਾ...........*



4

*ਹਰਿਮੰਦਰ ਸਿੱਖਾਂ ਦਾ ਹੁਣ ਢਾਹ ਕੇ ਛੱਡਣਾ।*
*ਝੰਡਾ ਹੈਦਰੀ ਦਾ ਹਿੱਕ ਤੇ ਸਿੱਖਾਂ ਦੇ ਗੱਡਣਾ।*
*ਸੁਦਾਸਰ ਵਿਚ ਗਊਆਂ ਮਾਰ ਕੇ ਸੁਟਾਵਾਂਗਾ।*
*ਨਾਮ ਖਾਲਸੇ ਦਾ............*

5

*ਅੱਗੇ ਪੰਜ ਵਾਰੀ ਹਿੰਦ ਤੇ ਗਿਆ ਮੈਂ ਚੜ੍ਹ ਕੇ।*
*ਮੈਥੋਂ ਕੁੜੀਆਂ ਛਡੌਂਦੇ ਸਦਾ ਸਿੰਘ ਲੜ ਕੇ।*
*ਸਿਰ ਨੇਜ਼ਿਆਂ ਤੇ ਐਸੇ ਸਿੰਘਾਂ ਦੇ ਟੰਗਾਵਾਂਗਾ।*
*ਨਾਮ ਖਾਲਸੇ ਦਾ............*

6

*ਮੇਰੇ ਸਾਹਮਣੇ ਕਦੇ ਨਾ ਸਕੇ ਅੜ ਖਾਲਸਾ।*
*ਮੇਰੀ ਫੌਜ ਦਾ ਨਾ ਰੋਕ ਸਕੇ ਹੜ੍ਹ ਖਾਲਸਾ।*
*ਤੇਗਾਂ ਮਾਰ ਮਾਰ ਪੂਰ ਵੈਰੀ ਦੇ ਖਪਾਵਾਂਗਾ।*
*ਨਾਮ ਖਾਲਸੇ ਦਾ............*

7

*ਦਲ ਡੇਢ ਲੱਖ ਕਾਬਲੋਂ ਪਏ ਨੇ ਚੱਲ ਜੀ।*
*ਨਾਹਰੇ ਮਾਰਦੇ ਪਠਾਣ ਧਰਤੀ ਰਹੀ ਹੱਲ ਜੀ।*
*ਵਾਰ ਜੋਧਿਆਂ ਦੀ ਕਹਿੰਦਾ ਜਰਨੈਲ ਗਾਵਾਂਗਾ।*
*ਨਾਮ ਖਾਲਸੇ ਦਾ............*

ਇਸ ਤੋਂ ਪਹਿਲਾਂ ਅਬਦਾਲੀ ਨੇ ਪੰਜ ਹਮਲੇ ਕੀਤੇ ਸਨ। ਪਹਿਲੀ ਵਾਰ ਇਹ ਏਥੋਂ ਹਾਰ ਖਾ ਕੇ ਮੁੜਿਆ ਸੀ ਤੇ ਪੰਜਵੀ ਵਾਰ ਹਿੰਦੁਸਤਾਨ ਦੀ ਸਭ ਤੋਂ ਵੱਡੀ ਤਾਕਤ ਮਰਹਟਿਆਂ ਤੇ ਜਿੱਤ ਪ੍ਰਾਪਤ ਕਰਕੇ ਹੁਣ ਕੇਵਲ ਸਿੱਖ ਉਹਦੀਆਂ ਅੱਖਾਂ ਵਿਚ ਰੜਕਦੇ ਸਨ। ਇਸ ਵਾਰ ਉਹ ਸਿੱਖਾਂ ਨੂੰ ਸਦਾ ਵਾਸਤੇ ਖ਼ਤਮ ਕਰਨਾ ਚਾਹੁੰਦਾ ਸੀ। ਇਸ ਮਤਲਬ ਵਾਸਤੇ ਉਹ ਛੇਵੀਂ ਵਾਰ ਡੇਢ ਲੱਖ ਫੌਜ ਲੈ ਕੇ ਪੰਜਾਬ ਉਤੇ ਚੜ੍ਹ ਪਿਆ-

### ਸਾਕਾ

*ਜਦੋਂ ਚੜ੍ਹਿਆ ਪੰਥ ਮੁਕੌਣ ਨੂੰ ਜ਼ਾਲਮ ਅਬਦਾਲੀ।*
*ਜਿਉਂ ਸਾਉਣ ਮਹੀਨੇ ਲਹਿੰਦਿਓਂ ਘਟ ਚੜ੍ਹਦੀ ਕਾਲੀ।*
*ਉਹਨਾਂ ਵੱਸਦੇ ਘਰ ਪੰਜਾਬ ਦੇ ਕਰ ਦਿਤੇ ਖਾਲੀ।*
*ਉਹ ਜਿਹੜੇ ਰਾਹੀਂ ਲੰਘਦੇ ਲੁੱਟ ਕਰਦੇ ਬਾਹਲੀ।*

ਉਹਨਾਂ ਅਲਿਆ ਉੱਤੇ ਛੱਡਿਆ ਨਾ ਛੰਨਾ ਖਾਲੀ ।
ਕੁਝ ਰਲਗੇ ਮੁਗਲ ਪੰਜਾਬ ਦੇ ਹਲ ਵਾਹੁੰਦੇ ਹਾਲੀ ।
ਉਹਦੇ ਚੜ੍ਹਗੀ ਨਾਲ ਕਰੋਧ ਦੇ ਅੱਖੀਆਂ ਵਿਚ ਲਾਲੀ ।
ਕਹੇ ਵੱਢਣੇ ਇੱਕੋ ਵਾਰ ਨਾਲ ਸਿੱਖ ਚਾਲੀ ਚਾਲੀ ।

### ਸਾਕਾ

ਫਿਰ ਸਰ ਬੁਲੰਦ ਮੁਲਤਾਨ ਤੋਂ ਕਰ ਲਈ ਤਿਆਰੀ ।
ਭੀਖਣ ਖਾਨ ਮਲੇਰੀਆ ਲੈ ਤਾਕਤ ਭਾਰੀ ।
ਜੈਨ ਖਾਨ ਸਰਹੰਦ ਦਾ ਬਹੁਤਾ ਹੰਕਾਰੀ ।
ਅਕਾਲ ਦਾਸ ਜੰਡਿਆਲਿਓਂ ਜੋ ਬਹੁਤ ਮਕਾਰੀ ।
ਜੋ ਖਾਰ ਰੱਖਦਾ ਦਿਲੋਂ ਸੀ ਸਿੱਖਾਂ ਨਾਂ ਭਾਰੀ ।
ਜਿਸ ਸੇਵਾ ਭਾਈ ਹੁੰਦਾਲ ਦੀ ਖੂਹ ਪਾਤੀ ਸਾਰੀ ।
ਰਾਏਕੋਟ ਹੁਸੈਨ ਖਾਂ ਸਿੱਖਾਂ ਦਾ ਵੈਰੀ ।
ਖ਼ੁਵਾਜਾ ਅਬੈਦ ਲਹੌਰ ਤੋਂ ਸੱਪ ਵਰਗਾ ਜ਼ਹਿਰੀ ।
ਸਾਦਕ ਖਾਨ ਦੁਆਬਿਓਂ ਲੈ ਤਾਕਤ ਗਹਿਰੀ ।
ਕਹੇ ਖੋਹਣਾ ਜੱਸਾ ਸਿੰਘ ਤੋਂ ਨਿਸ਼ਾਨ ਸੁਨਹਿਰੀ ।

### ਸਾਕਾ

ਫਿਰ ਸ਼ਾਹ ਵਲੀ ਵਜ਼ੀਰ ਵੀ ਕਰ ਦਿੱਤੀ ਚੜ੍ਹਾਈ ।
ਲਛਮੀ ਨਰੈਣ ਫਗਵਾੜਿਓਂ ਕਰ ਤੁਰ ਪਿਆ ਧਾਈ ।
ਜੋ ਹੈਸੀ ਬ੍ਰਾਹਮਣ ਜਾਤ ਦਾ ਪਰ ਸ਼ਰਮ ਨਾ ਕਾਈ ।
ਉਸ ਕਰਨੀ ਨਾਵੇਂ ਗੁਰ ਦੀ ਅੱਜ ਦਿਲੋਂ ਭਲਾਈ ।

ਅਹਿਮਦ ਸ਼ਾਹ ਦੁਰਾਨੀ ਦੀ ਫੌਜ ਦੇ ਕਿਹੜੇ-ਕਿਹੜੇ ਜਰਨੈਲ ਆਪੋ ਆਪਣੀ ਫੌਜ ਲੈ ਕੇ ਕਿਥੋਂ-ਕਿਥੋਂ ਚੜ੍ਹਾਈ ਕਰ ਰਹੇ ਹਨ—

### ਬੈਂਤ

1

ਦੀਨ ਮਜ਼੍ਹਬ ਦੇ ਨਾਮ ਤੇ ਮਰਨ ਬਦਲੇ,
ਸਰ ਬੁਲੰਦ ਖਾਂ ਚੜ੍ਹੇ ਮੁਲਤਾਨ ਵਿਚੋਂ ।
ਗਾਨੇਂ ਬੰਨ੍ਹ ਕੇ ਤੁਰੇ ਸ਼ਹੀਦੀਆਂ ਦੇ,
ਅੱਲਾ ਬਖਸ਼ ਦੀ ਫਤਹਿ ਮੈਦਾਨ ਵਿਚੋਂ ।



ਬਾਜ਼ੀ ਸਿਰਾਂ ਤੇ ਧੜਾਂ ਦੀ ਲੌਣ ਤੁਰ ਪਏ,
ਰੱਖੀ ਆਸ ਨਾ ਪਰਤ ਕੇ ਔਣ ਬਦਲੇ ।
ਵਾਂਗ ਬੱਦਲਾਂ ਚੜ੍ਹੇ ਦਲ ਵੈਰੀਆਂ ਦੇ,
ਸਿੱਖ ਕੌਮ ਦਾ ਨਾਮ ਮਟੌਣ ਬਦਲੇ ।

2

ਭੀਖਣ ਖਾਨ ਮਲੇਰੀਆ ਚੜ੍ਹ ਪਿਆ,
ਜੈਨ ਖਾਨ ਸਰਹੰਦ ਤੋਂ ਧਾਈ ਕੀਤੀ ।
ਕਾਹਦਾ ਜੰਮਣਾ ਸਾਡਾ ਜਹਾਨ ਉਤੇ,
ਜੇ ਨਾ ਸਿੰਘਾਂ ਦੀ ਅਸੀਂ ਸਫਾਈ ਕੀਤੀ ।
ਤੇਗਾਂ ਗਲੀਂ ਕਮਾਨਾਂ ਨੂੰ ਜਾਣ ਜੋਹਦੇ,
ਚਿੱਲੇ ਚਾਹੜ ਕੇ ਤੀਰ ਚਲੌਣ ਬਦਲੇ ।
ਵਾਂਗ ਬੱਦਲਾਂ ਚੜ੍ਹੇ..........

3

ਅਕਾਲ ਦਾਸ ਜੰਡਿਆਲਿਓਂ ਕੂਚ ਕੀਤਾ,
ਲਛਮੀ ਨਰੈਣ ਫਗਵਾੜਿਓਂ ਰੱਲ ਪਿਆ ।
ਜਿਹਨਾਂ ਅੱਜੀ ਹੀ ਮੌਤ ਨੂੰ ਜਾ ਵਰਨਾ,
ਭਲਾ ਕਦੋਂ ਉਡੀਕਦੇ ਕੱਲ੍ਹ ਪਿਆ ।
ਖ਼ੁਵਾਜਾ ਅਬੈਦ ਖਾਂ ਚੜ੍ਹੇ ਲਾਹੌਰ ਵਿਚੋਂ,
ਖੰਡਾ ਜੰਗ ਦੇ ਵਿੱਚ ਖੜਕੌਣ ਬਦਲੇ ।
ਵਾਂਗ ਬੱਦਲਾਂ ਚੜ੍ਹੇ..........

4

ਸਾਦਕ ਖਾਨ ਪਾਪੀ ਚੜ੍ਹਿਆ ਨੂਰ ਮਹਿਲੋਂ,
ਕਹਿੰਦਾ ਪਹਿਲਾਂ ਅਬਦਾਲੀ ਤੋਂ ਪੁਜ ਜਾਵਾਂ ।
ਜੂਝਾਂ ਜਾ ਕੇ ਰਣ ਮੈਦਾਨ ਅੰਦਰ,
ਕਿਤੇ ਵੇਲੇ ਤੋਂ ਨਾ ਮੈਂ ਖੁੰਝ ਜਾਵਾਂ ।
ਗਾਨੇ ਗੁਟਾਂ ਤੇ ਬੱਧੇ ਸੀ ਲਾੜਿਆਂ ਨੇ,
ਤੁਰੇ ਹੂਰਾਂ ਨਾਂ ਹਾਣ ਮਚੌਣ ਬਦਲੇ ।
ਵਾਂਗ ਬੱਦਲਾਂ ਚੜ੍ਹੇ...........

5

ਡੇਢ ਲੱਖ ਪਠਾਣ ਸੀ ਹੋਏ ਕੱਠੇ,
ਵਿਚ ਰਾਹਾਂ ਦੇ ਧੂੜ ਧੁਮਾਈ ਜਾਂਦੇ ।

*ਉੱਚੇ ਕੱਦ ਤੇ ਛਾਤੀਆਂ ਚੌੜੀਆਂ ਸੀ,*
*ਧੌਣਾਂ ਸਾਹਨਿਆਂ ਵਾਂਗ ਅਕੜਾਈ ਜਾਂਦੇ ।*
*ਹੋਣੀ ਸਿੱਖੀ ਦੀ ਪਰਖ ਜਰਨੈਲ ਸਿੰਘਾ,*
*ਮੱਲ ਚੜ੍ਹੇ ਨੇ ਜੋਸ਼ ਵਖੌਣ ਬਦਲੇ ।*
*ਵਾਂਗ ਬੱਦਲਾਂ ਚੜ੍ਹੇ........*

ਅਹਿਮਦ ਸ਼ਾਹ ਦੇ ਜਰਨੈਲ ਆਪੋ ਆਪਣੀ ਫੌਜ ਲੈ ਕੇ ਸਿੰਘਾ ਦੀ ਕਤਲੇਆਮ ਕਰਨ ਲਈ ਪੰਜਾਬ ਦੇ ਕੋਨੇ-ਕੋਨੇ ਵਿਚ ਸਿੱਖਾਂ ਦੀ ਭਾਲ ਕਰਨ ਲੱਗੇ । ਉਧਰ ਅਬਦਾਲੀ ਲਾਹੌਰ ਆਨ ਬੈਠਾ, ਉਧਰ ਸਿੰਘ ਮਾਝੇ ਦੀ ਧਰਤੀ ਨੂੰ ਛੱਡ ਕੇ ਮਾਲਵੇ ਵਿੱਚ ਮਲੇਰਕੋਟਲੇ ਦੇ ਇਲਾਕੇ ਵਿਚ ਪਰਵਾਰਾ ਸਮੇਤ ਵਿਚਰ ਰਹੇ ਸਨ । ਜੈਨ ਖਾਨ ਨੇ ਅਬਦਾਲੀ ਨੂੰ ਲਾਹੌਰ ਖਬਰ ਭੇਜੀ ਕਿ ਸਿੱਖ ਮੇਰੇ ਇਲਾਕੇ ਵਿਚ ਬੇਖਬਰ ਬੈਠੇ ਹਨ । ਸੁਣ ਕੇ, ਅਹਿਮਦ ਸ਼ਾਹ ਨੇ ਜੈਨ ਖਾਂ ਨੂੰ ਇਹ ਲਿਖ ਭੇਜਿਆ ਕਿ ਤੂੰ ਸਿੰਘਾਂ ਨੂੰ ਏਥੇ ਅਟਕਾਈ ਰੱਖ ਮੈਂ ਆ ਰਿਹਾ ਹਾ-

*ਜੈਨ ਖਾਨ ਨੂੰ ਅਹਿਮਦ ਸ਼ਾਹ ਲਿਖੇ ਚਿੱਠੀ,*
*ਇਹਨਾਂ ਸਿੰਘਾਂ ਨੂੰ ਏਥੇ ਅਟਕਾਈ ਰੱਖੀਂ ।*
*ਨੱਸ ਜਾਣ ਨਾ ਕਿਤੇ ਮਦਾਨ ਵਿਚੋਂ,*
*ਘੇਰਾ ਚਾਰ-ਚੁਫੇਰਿਓਂ ਪਾਈ ਰੱਖੀਂ ।*
*ਸਾਰੇ ਰੁੱਝੇ ਰਹਿਣ ਰੜੇ ਥਾਂ ਨਾਲ ਤੇਰੇ,*
*ਲੋੜ ਪੈਣ ਤੇ ਤੇਗ ਖੜਕਾਈ ਰੱਖੀਂ ।*
*ਧਨੀ ਤੇਗ ਦਾ ਜੋਧਾ ਜਰਨੈਲ ਹੈਂ ਤੂੰ,*
*ਬਾਜ਼ੀ ਸਿਰਾਂ ਤੇ ਧੜਾਂ ਦੀ ਲਾਈ ਰੱਖੀਂ ।*

ਅਹਿਮਦ ਸ਼ਾਹ ਦੀ ਚਿੱਠੀ ਜਦੋਂ ਜੈਨ ਖਾਂ ਨੂੰ ਮਿਲੀ ਉਦੋਂ ਉਹ ਮਲੇਰਕੋਟਲੇ ਸੀ । ਚਾਰ ਪੰਜ ਫਰਵਰੀ ਦੀ ਵਿਚਲੀ ਰਾਤ ਪਹਿਰ ਦੇ ਤੜਕੇ ਸਤਾਰਾ ਸੌ ਬਾਹਠ ਈਸਵੀ ਨੂੰ ਜੈਨ ਖਾਨ ਨੇ ਆਪਣੇ ਜਰਨੈਲ ਕਾਸਮ ਖਾਂ ਨੂੰ ਸਿੰਘਾਂ ਉੱਤੇ ਹਮਲਾ ਕਰਨ ਲਈ ਭੇਜਿਆ । ਸਿੰਘਾਂ ਦੀ ਫੌਜ ਕੁਪ ਪਿੰਡ ਬੈਠੀ ਸੀ ਤੇ ਵਹੀਰ ਗੁਰਮੇ ਪਿੰਡ ਵਿਚ ਸੀ । ਸਿੱਖਾਂ ਨੂੰ ਪਤਾ ਤਦ ਹੀ ਲੱਗਾ ਜਾਂ ਉਹਨਾਂ ਉੱਤੇ ਕਾਸਮ ਖਾਂ ਦੀ ਫੌਜ ਨੇ ਹਮਲਾ ਕਰ ਦਿੱਤਾ-

### ਸਾਕਾ

*ਜਦ ਕਾਸਮ ਖਾਂ ਜਰਨੈਲ ਨੇ ਕਰ ਦਿੱਤਾ ਹੱਲਾ ।*
*ਉਹ ਨਾਹਰੇ ਮਾਰੇ ਜ਼ੋਰ ਦੀ ਕਹਿ ਅੱਲਾ ਅੱਲਾ ।*



*ਕਦੇ ਸੁੱਤੇ ਈ ਸਿੰਘ ਨੱਪ ਲਵੇ ਫੜ ਕੱਲਾ ਕੱਲਾ ।*
*ਉਥੇ ਮੱਚਿਆ ਤੜਕੇ ਪਹਿਰ ਦੇ ਭਾਰੀ ਤਰਥੱਲਾ ।*
*ਅੱਗੋਂ ਪਾਇਆ ਸਿੰਘਾਂ ਸੂਰਿਆਂ ਤੇਗਾਂ ਨਾਂ ਠੱਲਾ ।*
*ਤਦ ਕਾਸਮ ਖਾਂ ਮੈਦਾਨ ਚੋਂ ਨੱਸ ਗਿਆ ਨਗੱਲਾ ।*
*ਜਦੋਂ ਕੀਤਾ ਹੱਲਾ ਮੋੜਵਾਂ ਸਿੰਘਾਂ ਸਰਦਾਰਾਂ ।*
*ਉਹਨਾਂ ਧੂਹ ਮਿਆਨੋਂ ਕੱਢੀਆਂ ਖ਼ੂਨੀ ਤਲਵਾਰਾਂ ।*
*ਜਿਉਂ ਨਜ਼ਰੇ ਪਈਆਂ ਸ਼ੇਰ ਨੂੰ ਮਿਰਗਾਂ ਦੀਆਂ ਡਾਰਾਂ ।*
*ਉਹ ਲੌਂਹਦੇ ਇਕੋ ਵਾਰ ਨਾਲ ਸਿਰ ਠਾਰਾਂ ਠਾਰਾਂ ।*
*ਤਦ ਨੱਸੇ ਮੁਗਲ ਮੈਦਾਨ ਚੋਂ ਸਭ ਖਾ ਕੇ ਹਾਰਾਂ ।*
*ਜਰਨੈਲ ਸਿੰਘਾ ਇਸ ਜੰਗ ਦੀਆਂ ਲਿਖ ਅੱਗੇ ਵਾਰਾਂ ।*

ਸਿੰਘ ਅਸਲ ਵਿਚ ਅਵੇਸਲੇ ਬੈਠੇ ਸਨ ਜਾਂ ਕਾਸਮ ਖਾਂ ਨੇ ਉਹਨਾਂ ਉਤੇ ਹੱਲਾ ਕੀਤਾ । ਸੁੱਤੇ ਹੋਏ ਸ਼ੇਰ ਉੱਤੇ ਵਾਰ ਕੀਤਾ ਜਾਏ ਤਾਂ ਉਹ ਫੱਟ ਖਾ ਕੇ ਵਧੇਰੇ ਭਿਆਨਕ ਰੂਪ ਧਾਰ ਲੈਂਦਾ ਹੈ । ਅਜਿਹਾ ਸੁਭਾਅ ਸਿੱਖ ਦਾ ਸੀ । ਉਹ ਏਨੇ ਜੋਸ਼ ਨਾਲ ਵੈਰੀ ਨਾਲ ਟੱਕਰੇ ਕਿ ਉਸ ਨੂੰ ਮੈਦਾਨ ਛੱਡ ਕੇ ਨੱਸਣਾ ਪਿਆ । ਉਹ ਮਲੇਰਕੋਟਲੇ ਵਾਪਸ ਮੁੜਿਆ । ਏਨੇ ਚਿਰ ਨੂੰ ਅਹਿਮਦ ਸ਼ਾਹ ਵੀ ਆਣ ਪੁੱਜਾ । ਉਸਨੂੰ ਹਾਰ ਦੀ ਖਬਰ ਸੁਣ ਕੇ ਅੱਗ ਲੱਗ ਉਠੀ ਤੇ ਸਾਰੀ ਫੌਜ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਸਿੰਘਾ ਵਲ ਨੂੰ ਵਧਿਆ । ਜ਼ਾਲਮ ਅਬਦਾਲੀ ਨੂੰ ਆਉਂਦਿਆ ਵੇਖ ਕੇ ਸ: ਜੱਸਾ ਸਿੰਘ ਜੀ ਨੂੰ ਅੱਗ ਲੱਗ ਉਠੀ । ਉਹ ਜੋਸ਼ ਵਿਚ ਮਿਆਨੋ ਤਲਵਾਰ ਧੂਹ ਕੇ ਅਬਦਾਲੀ ਨਾਲ ਲੜਨ ਲਈ ਸਿੰਘਾ ਨੂੰ ਇਉਂ ਲਲਕਾਰਦਾ ਹੈ--

### ਨਵੀਨ ਤੋਕ

1.

ਵੇਖਿਆ ਜਦ ਜੱਸਾ ਸਿੰਘ ਨੇ ਵੈਰੀ ਚੜ੍ਹ ਆ ਗਿਆ ।
ਬੱਦਲ ਦੇ ਵਾਂਗੂੰ ਚੌਹਾਂ ਤਰਫਾਂ ਤੇ ਛਾ ਗਿਆ ।
ਲੱਖਾਂ ਦੇ ਨਾਲ ਮੱਥਾ ਗਿਣਤੀ ਦਿਉਂ ਜੋੜ ਦਿਉ ।
ਆ ਗਿਆ ਅਬਦਾਲੀ ਚੜ੍ਹ ਕੇ ਸਿੰਘੋ ਮੂੰਹ ਮੋੜ ਦਿਉ ।

2.

ਸਿੱਖੀ ਦੀ ਪਰਖ ਹੋਵਣੀ ਵਾਂਗਰ ਚਮਕੌਰ ਜੀ ।
ਰਣ ਦੇ ਵਿੱਚ ਦੱਸੋ ਸਿੰਘੋ ਤੇਗਾਂ ਦੇ ਜੌਹਰ ਜੀ ।
ਕਾਬਲ ਦੇ ਦੁੰਬੇ ਮੇਰੇ ਸ਼ੇਰੋ ਭੰਜੋੜ ਦਿਉ ।
ਆ ਗਿਆ ਅਬਦਾਲੀ......

3.

ਕਲਗੀਧਰ ਸਾਜਿਆ ਜਿਸ ਨੂੰ ਖੰਡੇ ਦੀ ਧਾਰ ਚੋਂ ।
ਗਿਲਜੇ ਮੁਕਾਵਣ ਆ ਗਏ ਉਸਨੂੰ ਕੰਧਾਰ ਚੋਂ ।
ਕੂੰਜਾਂ ਦੀਆਂ ਸਿਰੀਆਂ ਫੜ ਕੇ ਬਾਜ਼ੋ ਮਰੋੜ ਦਿਓ ।
ਆ ਗਿਆ ਅਬਦਾਲੀ ..........

4.

ਹੋਣੀ ਅੱਜ ਪਰਖ ਸੂਰਮਿਓਂ ਮਰਦਾਂ ਦੇ ਪੁਤ ਦੀ ।
ਜਾਣੀ ਹੈ ਟੁਟ ਭਿਆਲੀ ਰੂਹਾਂ ਤੇ ਬੁਤ ਦੀ ।
ਸਿੱਖੀ ਦੀ ਖਾਤਰ ਆਸਾਂ ਜੀਵਨ ਦੀਆਂ ਛੋੜ ਦਿਓ ।
ਆ ਗਿਆ ਅਬਦਾਲੀ..........

5.

ਮਾਰ ਮਰਹੱਟੇ ਇਸ ਨੂੰ ਹੋ ਗਿਆ ਹੰਕਾਰ ਜੇ ।
ਲੈ ਗਿਆ ਪੰਜਾਬ ਲੁਟ ਕੇ ਅੱਗੇ ਕਈ ਵਾਰ ਜੇ ।
ਰਹਿਜੇ ਹੁਣ ਕਸਰ ਕੋਈ ਨਾ ਪਿਛਲੀ ਕੱਢ ਥੋੜ ਦਿਓ ।
ਆ ਗਿਆ ਅਬਦਾਲੀ..........

6.

ਆਪਾਂ ਹਾਂ ਵੀਰ ਸੂਰਮਿਓ ਅਜੀਤ ਜੁਝਾਰ ਦੇ ।
ਮੰਗਦੇ ਨਹੀਂ ਪਾਣੀ ਫੱਟੇ ਸਾਡੀ ਤਲਵਾਰ ਦੇ ।
ਖੂਨ ਦੀ ਨਦੀ 'ਚ ਲਾਸ਼ਾਂ ਮੁਗਲਾਂ ਦੀਆਂ ਰੋਹੜ ਦਿਓ ।
ਆ ਗਿਆ ਅਬਦਾਲੀ..........

7.

ਹੋਣਾ ਅੱਜ ਸਿੱਖ ਪੰਥ ਦਾ ਇਮਤਿਆਨ ਜੇ ।
ਵਾਰ ਕੇ ਜਾਨਾਂ ਰੱਖਣੀ ਸਿੱਖੀ ਦੀ ਸ਼ਾਨ ਜੇ ।
ਖਾਨਾਂ ਦੇ ਖੂਨ ਨਿੰਬੂਆਂ ਵਾਂਗ ਨਚੋੜ ਦਿਓ ।
ਆ ਗਿਆ ਅਬਦਾਲੀ ..........

8.

ਮਾਰ ਕੇ ਧੌਂਸੇ ਚੋਟ ਚੜ੍ਹ ਪਏ ਜਰਨੈਲ ਜੀ ।
ਉੱਸਰੇਗਾ ਅੱਜ ਸਿਰਾਂ ਤੇ ਸਿੱਖੀ ਦਾ ਮਹਿਲ ਜੀ ।
ਭਗਵਨ ਇਤਿਹਾਸ ਲੜੀ ਨੂੰ ਅੱਗੇ ਲਿਖ ਜੋੜ ਦਿਓ ।
ਆ ਗਿਆ ਅਬਦਾਲੀ ..........

ਜਦੋਂ ਆਗੂ ਤਲਵਾਰ ਸੂਤ ਕੇ ਮੈਦਾਨ ਵਿਚ ਉਤਰ ਪਵੇ ਤਾਂ ਬਾਕੀ ਦੀ ਕੌਮ ਕਿਵੇਂ ਪਿਛੇ ਹਟਿ ਸਕਦੀ ਹੈ ? ਸਿੱਖਾਂ ਲਾਈ ਨਗਾਰੇ ਚੋਟ, ਛੱਡੇ ਸਤਿ ਸ੍ਰੀ ਅਕਾਲ ਦੇ ਜੈਕਾਰੇ ਤੇ ਲੱਗੇ ਅਬਦਾਲੀ ਨਾਲ ਟੱਕਰ ਲੈਣ । ਉਸ ਸਮੇਂ 11 ਮਿਸਲਾਂ ਦੇ ਆਗੂਆਂ ਦੇ ਨਾਮ ਇਸ ਪ੍ਰਕਾਰ ਹਨ—ਸ: ਜੱਸਾ ਸਿੰਘ ਆਹਲੂਵਾਲੀਆ ਮਿਸਲਾਂ ਦਾ ਆਗੂ, ਭੰਗੀਆਂ ਮਿਸਲ ਦਾ ਆਗੂ ਸ: ਹਰੀ ਸਿੰਘ ਭੰਗੀ, ਰਾਮਗੜ੍ਹੀਆ ਮਿਸਲ ਦਾ ਆਗੂ ਸ: ਜੱਸਾ ਸਿੰਘ ਰਾਮਗੜ੍ਹੀਆ, ਸ: ਚੜ੍ਹਤ ਸਿੰਘ ਸ਼ੁਕਰਚੱਕੀਆ ਮਿਸਲ ਦਾ ਬਾਨੀ, ਸ: ਕਰਮ ਸਿੰਘ ਸ਼ਹੀਦਾਂ ਮਿਸਲ ਦਾ ਜੱਥੇਦਾਰ, ਜੈ ਸਿੰਘ ਘਨਈਆ ਮਿਸਲ ਦਾ ਆਗੂ, ਸ: ਹੀਰਾ ਸਿੰਘ ਨਕੀਆਂ ਮਿਸਲ ਦਾ ਆਗੂ, ਨਵਾਬ ਕਪੂਰ ਸਿੰਘ ਜੀ ਸਿੰਘਪੁਰੀਆ ਮਿਸਲ ਦਾ ਜੱਥੇਦਾਰ, ਨਿਸ਼ਾਨਾਂ ਵਾਲੀ ਮਿਸਲ ਦਾ ਆਗੂ ਸ: ਦਸੌਂਧਾ ਸਿੰਘ, ਡੱਲੇਵਾਲੀਆ ਦਾ ਸ: ਤਾਰਾ ਸਿੰਘ ਘੇਬਾ ਤੇ ਪੈਜਗੜ੍ਹੀਆ ਮਿਸਲ ਦਾ ਜੱਥੇਦਾਰ ਕਰੋੜਾ ਸਿੰਘ। ਸੋ ਸਿੱਖਾਂ ਆਪਣਾ ਵਹੀਰ ਮਲਵਈ ਸਰਦਾਰਾਂ ਦੀ ਕਮਾਨ ਥੱਲੇ ਬਰਨਾਲੇ ਵੱਲ ਨੂੰ ਤੋਰ ਦਿਤਾ। ਆਪ ਅਬਦਾਲੀ ਦੀ ਫੌਜ ਅੱਗੇ ਡੱਟ ਗਏ ।



### ਸਾਕਾ

ਉਥੇ ਤੜ ਤੜ ਚੱਲਣ ਗੋਲੀਆਂ ਤੇ ਪੈਣ ਪਟਾਕੇ ।
ਸਿੰਘ ਵੈਰੀ ਦਲਾਂ ਤੇ ਟੁੱਟ ਪਏ ਜੋ ਬੜੇ ਲੜਾਕੇ ।
ਉਨ੍ਹਾਂ ਮਿੰਟਾਂ ਅੰਦਰ ਲਾ ਲਏ ਸਭ ਪਾਸੇ ਨਾਕੇ ।
ਉਥੇ ਰਫਲ ਤੋਪਾਂ ਰੈਹਕਲੇ ਕੱਢ ਰਹੇ ਕੜਾਕੇ ।
ਫਿਰ ਤੇਗਾਂ ਵਾਹੀਆਂ ਜੋਧਿਆਂ ਡਰ ਮੌਤ ਦਾ ਲਾਹ ਕੇ ।
ਸਿੰਘ ਮੁਗਲਾਂ ਦੇ ਸਿਰ ਵੱਢਦੇ ਜੈਕਾਰੇ ਲਾ ਕੇ ।
ਉਥੇ ਪੋਤਾ ਬੁੱਢਾ ਸਿੰਘ ਦਾ ਇਕ ਬੀਰ ਅਕਾਲੀ ।
ਓਹ ਚੜ੍ਹਤ ਸਿੰਘ ਸਰਦਾਰ ਸੀ ਮਿਸਲਾਂ ਦਾ ਵਾਲੀ ।
ਸੀ ਚੜ੍ਹਤ ਅਨੋਖੀ ਸ਼ੇਰ ਦੀ ਬੜੀ ਸ਼ਕਲ ਨਿਰਾਲੀ ।
ਉਹਦੀ ਦੇਹੀ ਅਸਲ ਫੌਲਾਦ ਦੀ ਕੁਦਰਤ ਨੇ ਢਾਲੀ ।
ਉਹ ਕਰਨ ਲੱਗਾ ਸਿੱਖ ਕੌਮ ਦੀ ਡਟ ਕੇ ਰਖਵਾਲੀ ।
ਉਹਦੇ ਨੈਣਾਂ ਦੇ ਵਿਚ ਝੱਝ ਗਈ ਗੈਰਤ ਦੀ ਲਾਲੀ ।
ਉਹਨੇ ਪਕੜੀ ਹੱਥ ਬੰਦੂਕ ਬਹੁ ਲੰਮੀ ਨਾਲੀ ।
ਉਹ ਜਿਸ ਤੇ ਵਾਰ ਚਲਾਂਵਦਾ ਨਾ ਜਾਂਦਾ ਖਾਲੀ ।

ਖਾਲਸਾ ਪੰਥ ਵੈਰੀ ਦੇ ਵੱਧ ਰਹੇ ਤੂਫਾਨ ਨੂੰ ਛਾਤੀ ਤਾਣ ਕੇ ਰੋਕ ਖਲਾ । ਅਹਿਮਦ ਸ਼ਾਹ ਦੇ ਸਾਹਮਣੇ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸਰ ਬੁਲੰਦ ਖਾ ਮਲਵਾਨ ਦੇ ਅੱਗੇ ਬਾਬਾ ਚੜ੍ਹਤ ਸਿੰਘ, ਪੰਜ ਸੇਵਾਦਾਰ ਬੰਦੂਕਾਂ ਭਰ ਭਰ ਕੇ ਸ: ਚੜ੍ਹਤ ਸਿੰਘ ਨੂੰ ਫੜਾ ਰਹੇ ਸਨ । ਸ਼ੇਰ ਦੀ ਗੋਲੀ ਕਦੇ ਖਾਲੀ ਨਹੀਂ ਜਾਂਦੀ । ਸੋ ਸੂਰਮਾ ਸਰ ਬੁਲੰਦ ਖਾਨ ਤੇ ਵਾਰ ਇਸ ਤਰ੍ਹਾਂ ਕਰਦਾ ਹੈ—

## ਪਉੜੀ

1.

ਨੇੜੇ ਆ ਕੇ ਪੁਜਿਆ ਜਦ ਸ਼ਾਹ ਅਬਦਾਲੀ ।
ਲੈ ਤਲਵਾਰਾਂ ਨਿੱਤਰੇ ਰਣ ਬੀਰ ਅਕਾਲੀ ।
ਕਰਨ ਇਸ਼ਾਰੇ ਮੌਤ ਨੂੰ ਕਰਨੀ ਦੇ ਪੂਰੇ ।
ਦੋਂਹ ਦਲਾਂ ਦੇ ਜੁਟ ਪਏ ਰਣ ਅੰਦਰ ਸੂਰੇ ।

2.

ਚੜ੍ਹਤ ਸਿੰਘ ਸਰਦਾਰ ਨੇ ਹੱਥ ਰਫਲ ਉਠਾਈ ।
ਸਿੱਧੀ ਵੱਲ ਬੁਲੰਦ ਦੇ ਕਰ ਸਿਸ਼ਤ ਚਲਾਈ ।
ਡਿੱਗਾ ਧਰਤ ਬੁਲੰਦ ਖਾਂ ਕਰਮਾਂ ਨੂੰ ਝੂਰੇ ।
ਦੋਂਹ ਦਲਾਂ ਦੇ .......

3.

ਡਿੱਗ ਪਿਆ ਜਦੋਂ ਬੁਲੰਦ ਖਾਂ ਧਰਤੀ ਤੇ ਆ ਕੇ ।
ਸਾਥੀ ਭੱਜੇ ਉਸ ਦੇ ਰਣ ਕੰਡ ਵਿਖਾ ਕੇ ।
ਚਿਹਰਿਓਂ ਉੱਡੀਆਂ ਲਾਲੀਆਂ ਰੰਗ ਪੈਗੇ ਭੂਰੇ ।
ਦੋਂਹ ਦਲਾਂ ਦੇ .......

4.

ਚੜ੍ਹਤ ਸਿੰਘ ਨੇ ਦਾਗੀਆਂ ਭਰ ਭਰ ਕੇ ਰਫਲਾਂ ।
ਗੜਾ ਕਹਿਰ ਦਾ ਬਰਸਦਾ ਜਿਓਂ ਉੱਪਰ ਫਸਲਾਂ ।
ਵੈਰੀ ਡਿੱਗਣ ਧਰਤ ਤੇ ਹੋ ਹੋ ਕੇ ਦੂਹਰੇ ।
ਦੋਂਹ ਦਲਾਂ ਦੇ .......

5.

ਉੱਡਦੇ ਤੀਰ ਕਰੁੰਡੀਏ ਵੈਰੀ ਨੂੰ ਡੰਗਣ ।
ਡਿੱਗਣੇ ਦੁਸ਼ਮਣ ਧਰਤ ਤੇ ਪਾਣੀ ਨਾ ਮੰਗਣ ।
ਲੇਟੇ ਹੋਣ ਮਲੰਗ ਜਿਓਂ ਪੀ ਭੰਗ ਧਤੂਰੇ ।
ਦੋਂਹ ਦਲਾਂ ਦੇ .......

6.

ਭੱਜੇ ਛੱਡ ਮੈਦਾਨ ਨੂੰ ਸਭ ਦੁੱਬੇ ਖਾਣੇ ।
ਹੱਥ ਸਿੰਘਾਂ ਦੇ ਵੇਖ ਕੇ ਰਹੇ ਝੂਰ ਮੁਲਾਣੇ ।
ਆਸ਼ਕ ਲਾੜੀ ਮੌਤ ਦੇ ਰਹੇ ਮਾਰ ਘੰਘੂਰੇ ।
ਦੋਂਹ ਦਲਾਂ ਦੇ .......



7.

ਆਏ ਸਿੰਘ ਮੁਕੰਣ ਨੂੰ ਕਾਬਲ ਤੋਂ ਜਿਹੜੇ ।
ਮਾਰ ਮਾਰ ਕੇ ਗੋਲੀਆਂ ਸਿੰਘਾਂ ਨੇ ਰੇਹੜੇ ।
ਜਰਨੈਲ ਸਿੰਘਾ ਜੱਸ ਗੌਣਗੇ ਵਿਦਵਾਨ ਮਸ਼ਹੂਰੇ ।
ਦੋਂਹ ਦਲਾਂ ਦੇ .......

ਚੜ੍ਹਤ ਸਿੰਘ ਦੇ ਹੱਥੋਂ ਸਰ ਬੁਲੰਦ ਖਾਂ ਜ਼ਖਮੀ ਹੋ ਕੇ ਡਿਗ ਪਿਆ । ਉਸ ਦੇ ਡਿੱਗਣ ਦੀ ਦੇਰ ਸੀ ਵੈਰੀ ਦੇ ਪੈਰ ਉਖੜ ਗਏ । ਉਧਰ ਅਬਦਾਲੀ ਦੇ ਸਭ ਤੋਂ ਵੱਡੇ ਜਰਨੈਲ ਜਹਾਨ ਖਾਨ ਨੇ ਹੱਲਾ ਬੋਲ ਦਿਤਾ ਤਾਂ ਸ: ਜੱਸਾ ਸਿੰਘ ਆਹਲੂਵਾਲੀਆ ਅੱਗੋਂ ਡੱਟ ਕੇ ਲੜਿਆ । ਇਸ ਲੜਾਈ ਵਿਚ ਹਜ਼ਾਰਾ ਗਿਲਜ਼ੇ ਤੇ ਹਜ਼ਾਰਾਂ ਸਿੰਘ ਮਾਰੇ ਗਏ ਤੇ ਜਹਾਨ ਖਾਂ ਵੀ ਜ਼ਖਮੀ ਹੋ ਕੇ ਪਿੱਛੇ ਹਟ ਗਿਆ। ਦੂਜੇ ਪਾਸੇ ਵਹੀਰ ਗੁਰਮੇ ਪਿੰਡ ਤੋਂ ਤੁਰ ਕੇ ਚਾਰ ਮੀਲ ਅੱਗੇ ਗਿਆ ਸੀ ਜਾ ਸ਼ਾਹ ਵਲ ਤਾਂ ਵਜ਼ੀਰ ਭੀਖਣ ਖਾਂ ਤੇ ਉਸ ਦੇ ਦੀਵਾਨ ਲਛਮੀ ਨਾਰਾਇਣ ਨੇ ਹੱਲਾ ਬੋਲ ਦਿਤਾ। ਉਹਨਾ ਇਸ ਬੇਰਹਿਮੀ ਤੇ ਬੇਕਿਰਕੀ ਨਾਲ ਬੱਚਿਆਂ ਤੇ ਇਸਤਰੀਆਂ ਦੀ ਕਤਲਾਮ ਸ਼ੁਰੂ ਕੀਤੀ ਕਿ ਕਸਾਈਆਂ ਨੂੰ ਵੀ ਮਾਤ ਕਰ ਦਿਤਾ। ਜੇ ਮਾਂ ਮਮਤਾ ਮਾਰੀ ਬੱਚੇ ਨੂੰ ਘੁਟ ਕੇ ਛਾਤੀ ਨਾਲ ਲਾ ਲੈਂਦੀ ਤੇ ਵੈਰੀ ਸਾਮ੍ਹਣਿਓਂ ਹਿੱਕ ਵਿਚ ਨੇਜ਼ਾ ਮਾਰ ਕੇ ਮਾਂ ਬੱਚੇ ਦੋਹਾਂ ਵਿਚ ਦੀ ਇਕੋ ਵੇਰਾਂ ਲੰਘਾ ਦੇਂਦਾ ।

## ਟਰਨ ਛੰਦ

1.

ਇਕ ਪਾਸੇ ਸਿੰਘ ਵੈਰੀ ਦੇ ਨਾਲ ਰਣ ਵਿਚ ਜੁੱਟੇ ਸੀ ।
ਦੂਜੇ ਪਾਸੇ ਵੈਰੀ ਜਾ ਗੱਡਿਆਂ ਤੇ ਟੁੱਟੇ ਸੀ ।
ਏਧਰ ਬੱਚੇ ਬੁਢੇ ਪਰ ਉਧਰ ਦਲ ਭਾਰਾ ਜੀ ।
ਵਿਚ ਪਲਾਂ ਦੇ ਹੋ ਗਿਆ ਰਣ ਵਿਚ ਘੱਲੂਘਾਰਾ ਜੀ ।

2.

ਖੋਹ ਖੋਹ ਕੇ ਪੁੱਤ ਮਾਵਾਂ ਦੇ ਬੁਚੜਾਂ ਨੇ ਵੱਢ ਦਿੱਤੇ ।
ਹਿੱਕਾਂ ਦੇ ਵਿੱਚ ਨੇਜ਼ੇ ਸੀ ਕਈਆਂ ਦੇ ਗੱਡ ਦਿੱਤੇ ।
ਲਹੂ ਮਿਝ ਦਾ ਬਣ ਗਿਆ ਉਥੇ ਪਲ ਵਿਚ ਗਾਰਾ ਜੀ ।
ਵਿਚ ਪਲਾਂ ਦੇ ਹੋ ਗਿਆ .......

3.

ਜੋ ਭੈਣਾਂ ਦੇ ਰਾਖੇ ਪਾ ਗਏ ਸਿੰਘ ਸ਼ਹੀਦੀ ਏ ।
ਅਣਖ ਆਣ ਦੀ ਖਾਤਰ ਉਹਨਾਂ ਮੌਤ ਖਰੀਦੀ ਏ ।
ਖੜਕ ਰਿਹਾ ਹਰ ਪਾਸੇ ਜਾਪੇ ਮੌਤ ਨਗਾਰਾ ਜੀ ।
ਵਿਚ ਪਲਾਂ ਦੇ ਹੋ ਗਿਆ.......

4.

*ਮਾਵਾਂ ਦੇ ਪੇਟਾਂ ਵਿਚ ਜ਼ਾਲਮ ਛੁਰੇ ਖੁਭੋ ਰਹੇ ਨੇ ।*
*ਫੁੱਲਾਂ ਵਰਗੇ ਬੱਚਿਆਂ ਨੂੰ ਫੜ ਫੜ ਕੇ ਕੋਹ ਰਹੇ ਨੇ ।*
*ਤਰਸ ਕਰੇ ਨਾਂ ਜ਼ਾਲਮ ਜੈਨ ਖਾਨ ਹਤਿਆਰਾ ਜੀ ।*
*ਵਿਚ ਪਲਾਂ ਦੇ ........*

5.

*ਭੈਣਾਂ ਜੋ ਮੁਟਿਆਰਾਂ ਧੂਹ ਲਈਆਂ ਕਿਰਪਾਨਾਂ ਜੀ ।*
*ਦੇਸ਼ ਕੌਮ ਦੇ ਲੇਖੇ ਉਹਨਾਂ ਲਾਤੀਆਂ ਜਾਨਾਂ ਜੀ ।*
*ਬਿਨਾਂ ਮਰਨ ਤੋਂ ਹੋਰ ਕੋਈ ਨਾ ਰਹਿ ਗਿਆ ਚਾਰਾ ਜੀ ।*
*ਵਿਚ ਪਲਾਂ ਦੇ .......*

6.

*ਗਹਿਲ ਪਿੰਡ ਦੀ ਜੂਹ ਅੰਦਰ ਲੋਥਾਂ ਰੁਲ ਰਹੀਆਂ ਨੇ ।*
*ਉਧਰ ਖਬਰਾਂ ਜ਼ੁਲਮ ਦੀਆਂ ਸਿੰਘਾਂ ਨੂੰ ਗਈਆਂ ਨੇ ।*
*ਸ਼ਾਮ ਸਿੰਘ ਸਰਦਾਰ ਨੇ ਛੱਡਿਆ ਆਣ ਜੈਕਾਰਾ ਜੀ ।*
*ਵਿਚ ਪਲਾਂ ਦੇ .......*

7.

*ਖਵਰੇ ਪਰਖ ਸਿੰਘਾਂ ਦੀ ਅੱਜ ਕੁਦਰਤ ਨੇ ਕੀਤੀ ਏ ।*
*ਦੱਸੀ ਜਾਂਦੀ ਮੈਥੋਂ ਨਾ ਜੋ ਉਸ ਥਾਂ ਬੀਤੀ ਏ ।*
*ਜਰਨੈਲ ਸਿੰਘ ਉਹ ਦਿਨ ਨਾ ਕੌਮ ਨੂੰ ਭੁਲਣਹਾਰਾ ਜੀ ।*
*ਵਿਚ ਪਲਾਂ ਦੇ .......*

ਇਸ ਘਟਨਾ ਦੀ ਖਬਰ ਸਿੰਘਾਂ ਨੂੰ ਮਿਲੀ ਤਾ ਸਰਦਾਰ ਸ਼ਾਮ ਸਿੰਘ ਨਾਰਲੇ ਵਾਲੇ ਨੂੰ ਸ: ਜੱਸਾ ਸਿੰਘ ਨੇ ਭੇਜਿਆ । ਉਧਰ ਥੋੜੇ ਸਮੇਂ ਅੰਦਰ ਹਜਾਰਾਂ ਬਾਲ ਬੱਚੇ ਸਿੰਘਾਂ ਦੇ ਮਾਰੇ ਗਏ । ਇਸ ਕਤਲਾਮ ਵਿਚੋਂ ਬਹੁਤ ਸਾਰੇ ਨੱਸ ਕੇ ਪਿੰਡ ਗਹਿਲ ਵਿਚ ਜਾ ਵੜੇ, ਅੱਗੋਂ ਪਿੰਡਾ ਵਾਲਿਆ ਅਬਦਾਲੀ ਤੋਂ ਡਰਦਿਆ ਦਰਵਾਜ਼ੇ ਬੰਦ ਕਰ ਲਏ । ਸਿੱਖਾਂ ਵਾਸਤੇ ਇਹ ਪਰਖ ਦਾ ਦਿਨ ਸੀ । ਇਸ ਲੜਾਈ ਵਿਚ ਸਿਖਾਂ ਦਾ ਜੋ ਵੀ ਸਾਮਾਨ ਸੀ ਸਭ ਲੁਟਿਆ ਗਿਆ । ਜਿਹੜੀ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮੇ ਬੈਠ ਕੇ ਤਿਆਰ ਕਰਵਾਈ ਸੀ ਉਹ ਵੀ ਅਬਦਾਲੀ ਹੱਥ ਆ ਗਈ ਜਿਸ ਨੂੰ ਮੁੜ ਕੇ ਸਿੰਘ ਕਦੀ ਪ੍ਰਾਪਤ ਨਾ ਕਰ ਸਕੇ । ਏਥੇ ਜਿਸ ਬਹਾਦਰੀ ਨਾਲ ਸਿੰਘ ਲੜਦੇ ਜਾਂਦੇ ਉਹ ਵੀ ਇਕ ਬਹੁਤ ਵੱਡੀ ਰਣਨੀਤੀ ਕਿਹਾ ਜਾ ਸਕਦਾ ਹੈ । ਸਿੰਘਾਂ ਨੇ ਘੇਰੇ ਵਿਚ ਆਪਣੇ ਪ੍ਰਵਾਰਾਂ ਨੂੰ ਲੈ ਲਿਆ, ਚਾਰੇ ਪਾਸੇ ਛਾਤੀਆਂ ਤਾਣ ਕੇ ਇਕ ਲੋਹੇ ਦੀ ਦੀਵਾਰ ਦੀ ਤਰ੍ਹਾਂ ਅਬਦਾਲੀ ਦੀ ਫੌਜ ਸਾਹਮਣੇ ਲੜਦੇ ਜਾਂਦੇ ਸੀ । ਇਸ ਮੈਦਾਨ ਵਿਚ



50 ਹਜ਼ਾਰ ਲੜਾਕੇ ਸਿੰਘ, 50 ਹਜ਼ਾਰ ਦੇ ਕਰੀਬ ਬਾਲ ਬੁੱਢੇ ਤੇ ਇਸਤਰੀਆਂ ਸਨ ਤੇ ਅਬਦਾਲੀ ਦੀ ਲੜਾਕੀ ਫੌਜ 2 ਲੱਖ ਤੋਂ ਵੀ ਵੱਧ ਸੀ । ਯਾਦ ਰੱਖੋ 1762 ਈਸਵੀ 5 ਫਰਵਰੀ ਦਾ ਦਿਨ ਕਦੇ ਖਾਲਸਾ ਪੰਥ ਨੂੰ ਭੁਲੇਗਾ ਨਹੀ । ਢਾਲਾਂ ਵਿਚ ਛੇਕ ਪੈ ਗਏ ਸਨ, ਲੋਹੇ ਤੇ ਲੋਹਾ ਵੱਜ ਵੱਜ ਕੇ ਤਲਵਾਰਾਂ ਖੁੰਢੀਆ ਹੋਈਆਂ ਸੀ । ਭੁੱਖੇ ਤਿਹਾਏ ਘੋੜੇ ਅੜ ਅੜ ਕੇ ਡਿੱਗਣ ਲਗ ਪਏ ਸਨ । ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਨੇ—

*ਸਰਦਾਰ ਸਭੈ ਜਖਮੀ ਭਏ,*
*ਸਾਬਤ ਰਹਿਓ ਨਾ ਕੋਇ ।*
*ਜੱਸਾ ਸਿੰਘ ਖਾਏ ਬਾਈ ਘਾਇ ।*
*ਤੌ ਭੀ ਸਿੰਘ ਜੀ ਲੜਤੋ ਜਾਇ ।*

ਇਹ ਹਾਲ ਸੀ ਸ: ਜੱਸਾ ਸਿੰਘ ਆਹਲੂਵਾਲੀਆ ਦਾ । ਸ: ਚੜ੍ਹਤ ਸਿੰਘ ਨੂੰ 16 ਫੱਟ ਲੱਗੇ ਸਨ, 12 ਫੱਟ ਸ: ਜੱਸਾ ਸਿੰਘ ਰਾਮਗੜ੍ਹੀਏ ਨੂੰ ਵੱਜੇ ਸੀ । ਜੇ ਕੌਮ ਦੇ ਜੱਥੇਦਾਰਾਂ ਦਾ ਇਹ ਹਾਲ ਸੀ ਤਾਂ ਬਾਕੀ ਸਿੰਘਾਂ ਬਾਰੇ ਆਪ ਹੀ ਸੋਚ ਲੈਣਾ ਚਾਹੀਦਾ ਹੈ । ਆਵੋ ਜ਼ਰਾ ਤੱਕੀਏ ਬਾਈ ਤਲਵਾਰਾਂ ਦੀ ਛਾਂ ਥੱਲੇ ਸਿੱਖ ਕੌਮ ਦੀ ਕਿਸਮਤ ਇਸ ਤਰ੍ਹਾਂ ਘੜੀਦੀ ਜਾ ਰਹੀ ਹੈ—

## ਝੋਕ ਛੰਦ

1.

*ਕੀਤਾ ਜਦ ਹਾਲ ਬੁਰਾ ਸੀ ਗਿਲਜਿਆਂ ਵਹੀਰ ਦਾ ।*
*ਚਿਹਰਾ ਤੱਕ ਲਾਲ ਹੋ ਗਿਆ ਜੱਸਾ ਸਿੰਘ ਬੀਰ ਦਾ ।*
*ਕੀਤਾ ਫਿਰ ਜੁਧ ਸੂਰਮਿਆਂ ਚੰਗਾ ਸ਼ਮਸ਼ੀਰ ਦਾ ।*
*ਭੇਡਾਂ ਦੇ ਇੱਜੜ ਅੰਦਰ ਵੜਗੇ ਜਿਓਂ ਸ਼ੇਰ ਜੀ ।*
*ਰਾਹਵਾਂ ਦੇ ਵਿਚ ਲੱਗੇ ਲੋਥਾਂ ਦੇ ਢੇਰ ਜੀ ।*

2.

*ਇਕ ਦਾ ਹੈ ਪੰਥ ਗੁਰੂ ਦਾ, ਇਕ ਦਾ ਅਬਦਾਲੀ ਏ ।*
*ਫੌਜ ਪਠਾਣੀ ਜਾਪੇ ਗਿਣਤੀ ਤੋਂ ਬਾਹਲੀ ਏ ।*
*ਲੜਦੇ ਧਰ ਜਾਨ ਤਲੀ ਤੇ ਬੀਰ ਅਕਾਲੀ ਏ ।*
*ਸਿੱਖੀ ਦੀ ਸ਼ਾਨ ਸੂਰਮੇਂ ਸਿਰ ਦੇ ਚਮਕਾਂਦੇ ਨੇ ।*
*ਲੜਦੇ ਬਰਨਾਲੇ ਵਲ ਨੂੰ ਦੋਵੇਂ ਦਲ ਜਾਂਦੇ ਨੇ ।*

3.

*ਹਾਲ ਨਹੀਂ ਵੇਖੇ ਜਾਂਦੇ ਸਿੱਖਾਂ ਸਰਦਾਰਾਂ ਦੇ ।*
*ਬਾਈ ਫੱਟ ਲੱਗੇ ਜੱਸਾ ਸਿੰਘ ਨੂੰ ਤਲਵਾਰਾਂ ਦੇ ।*
*ਹੂਰਾਂ ਨਾਲ ਹਾਣ ਮੱਚਾ ਤੇ ਅੱਲਾ ਦਿਆਂ ਯਾਰਾਂ ਦੇ ।*
*ਕਾਬਲ ਤੋਂ ਚੜ੍ਹ ਕੇ ਆ ਗਏ ਜਿਹੜੇ ਦਲੇਰ ਜੀ ।*
*ਰਾਹਵਾਂ ਦੇ ਵਿਚ .......*

4.

*ਹੋ ਗਈਆਂ ਤੇਗਾਂ ਖੁੰਢੀਆਂ ਵੱਜ ਵੱਜ ਕੇ ਢਾਲਾਂ ਤੇ ।*
*ਕੀਤਾ ਨਾ ਤਰਸ ਕਸਾਈਆਂ ਬੁੱਢਿਆਂ ਤੇ ਬਾਲਾਂ ਤੇ ।*
*ਖ਼ੂਨ ਵਿਚ ਤਰਦੀਆਂ ਲਾਸ਼ਾਂ ਮੱਛੀਆਂ ਜਿਓਂ ਤਾਲਾਂ ਤੇ ।*
*ਦੋਵੇਂ ਧਿਰਾਂ ਦੀਨ ਮਜ਼ਬ ਤੋਂ ਜਾਨਾਂ ਘੁਮਾਂਦੇ ਨੇ ।*
*ਲੜਦੇ ਬਰਨਾਲੇ ਵਲ ਨੂੰ .......*

5.

*ਵੀਰਾਂ ਦੇ ਸਾਹਵੇਂ ਵੀਰਾਂ ਵਾਰਤੀਆਂ ਜਾਨਾਂ ਜੀ ।*
*ਕਈਆਂ ਦੀਆਂ ਚਿਲੇ ਚੜ੍ਹੀਆਂ ਪਈਆਂ ਕਮਾਨਾਂ ਜੀ ।*
*ਕੁੰਡਲੀਏ ਨਾਗਾਂ ਵਾਂਗਰ ਡੰਗਣ ਕਿਰਪਾਨਾਂ ਜੀ ।*
*ਮੌਤ ਨਾਲ ਹਾਣ ਮਚਾਤੇ ਲੱਗੀ ਨਾ ਦੇਰ ਜੀ ।*
*ਰਾਹਵਾਂ ਦੇ ਵਿਚ ਲੱਗੇ .......*

6.

*ਤੋੜੇ ਜਿਉਂ ਨਾਲ ਹਨੇਰੀ ਰੁਖਾਂ ਦੇ ਟਹਿਣੇ ਜੀ ।*
*ਚੰਦ ਜੈਸੇ ਸੋਹਣੇ ਫੱਟਾਂ ਨਾਲ ਗ੍ਹਿਣੇ ਜੀ ।*
*ਪੱਟਾਂ ਨੂੰ ਚੀਰ ਲੰਘ ਗਏ ਗੋਲੀ ਦੇ ਰੈਣੇਂ ਜੀ ।*
*ਸਿੰਘਾਂ ਨਾਲ ਮੱਥਾ ਲਾ ਕੇ ਵੈਰੀ ਪਛਤਾਂਦੇ ਨੇ ।*
*ਲੜਦੇ ਬਰਨਾਲੇ .......*

7.

*ਘਾਇਲ ਪ੍ਵਾਨੇ ਹੋ ਗਏ ਰਣ ਦੇ ਵਿਚ ਲੜ ਲੜ ਕੇ ।*
*ਮੱਘਿਆਂ ਜਿਹੇ ਸੀਸ ਧੜਾਂ ਤੋਂ ਡਿੱਗਦੇ ਸੀ ਝੜ ਝੜ ਕੇ ।*
*ਭੁਖੇ ਤਿਰਹਾਏ ਘੋੜੇ ਤੁਰਦੇ ਸੀ ਅੜ ਅੜ ਕੇ ।*
*ਲੋਥਾਂ ਨੂੰ ਜਾਣ ਲਤਾੜੀ ਜੰਗ ਦੇ ਪਹਲੇਰ ਜੀ ।*
*ਰਾਹਵਾਂ ਦੇ ਵਿਚ .......*



8.

*ਟੁੱਟ ਗਿਆ ਅਬਦਾਲੀ ਵਾਲਾ ਦਿਲ ਦਾ ਗਰੂਰ ਜੇ ।*
*ਕੌਰਵਾਂ ਵਾਂਗ ਖਪਾਲੇ ਪੂਰਾਂ ਦੇ ਪੂਰ ਜੇ ।*
*ਫੌਜ ਮਰਵਾ ਕੇ ਰਿਹਾ ਕਰਮਾਂ ਨੂੰ ਝੂਰ ਜੇ ।*
*ਮੇਜਰ ਜਰਨੈਲ ਸਦਾ ਜੱਸ ਸੱਚੇ ਦਾ ਗਾਂਦੇ ਨੇ ।*
*ਲੜਦੇ ਬਰਨਾਲੇ ਵਲ ਨੂੰ .......*

ਸੂਰਜ ਚੜ੍ਹਦੇ ਨਾਲ ਕੁਪ ਪਿੰਡ ਤੋਂ ਲੜਾਈ ਆਰੰਭ ਹੋਈ । 25 ਮੀਲ ਤੇ ਇਕ ਛੱਪੜ ਸੀ, ਭਾਵ ਪਚੀ ਮੀਲ ਦੀ ਲੰਮੀ ਲੜਾਈ ਵਿਚ ਖਾਲਸਾ ਪੰਥ ਨੂੰ ਪਾਣੀ ਦੀ ਘੁਟ ਵੀ ਨਹੀਂ ਨਸੀਬ ਹੋਈ । ਮੇਰਾ ਖਿਆਲ ਹੈ ਜੇ ਕੁਦਰਤ ਦੇ ਬਣਾਏ ਹੋਏ ਦਿਨ ਤੇ ਰਾਤ ਨਾ ਹੁੰਦੇ ਤਾਂ ਇਹ ਲੜਾਈ ਇਕ ਦੂਜੇ ਨੂੰ ਮੁਕਾ ਕੇ ਹੀ ਖਤਮ ਹੁੰਦੀ । ਖੈਰ ਦੋਹਾਂ ਧਿਰਾ ਵਿਚਾਲੇ ਕਾਲੀ ਬੋਲੀ ਰਾਤ ਆ ਗਈ । ਦਿਨ ਛਪੇ ਤੋਂ ਦੋਵਾਂ ਧਿਰਾਂ ਨੇ ਪਾਣੀ ਪੀਤਾ ਤੇ ਲੜਾਈ ਏਥੇ ਖ਼ਤਮ ਹੋ ਗਈ । ਭੰਗੂ ਜੀ ਲਿਖਦੇ ਹਨ—

*ਲੋਕ ਕਹੈਂ ਸਿੰਘ ਇਕ ਲਖ ਸਾਰਾ ।*
*ਪਚਾਸ ਬਚਯੋ ਔਰ ਸਭ ਗਯੋ ਮਾਰਾ ।*

ਖੈਰ ਏਨੀ ਕੌਮ ਮਾਰੀ ਜਾਣੀ ਬਹੁਤ ਵੱਡਾ ਨਾ ਪੂਰਾ ਹੋਣ ਵਾਲਾ ਘਾਟਾ ਸੀ ਪਰ ਕਲਗੀਆਂ ਵਾਲੇ ਦੇ ਲਾਲ ਤਾਂ ਫਿਰ ਵੀ ਚੜ੍ਹਦੀ ਕਲਾ ਵਿਚ ਸਨ ।

*ਇਕ ਨਿਹੰਗ ਬੁਕ ਤਹਿ ਕਹਯੋ ਉਚੇ ਬਚਨ ਸੁਨਾਏ ।*
*ਤੱਤ ਖਾਲਸਾ ਸੋ ਰਹਯੋ ਗਯੋ ਸੋ ਖੋਟ ਗਵਾਏ ।*

ਇਸ ਲੜਾਈ ਵਿਚ 30 ਤੋਂ 35 ਹਜ਼ਾਰ ਦੇ ਕਰੀਬ ਸਿੰਘ ਸ਼ਹੀਦ ਹੋਏ । ਚਾਲੀ ਗੱਡੇ ਸਿੰਘਾਂ ਦੇ ਸਿਰਾਂ ਦੇ ਲੱਦ ਕੇ ਜੈਨ ਖਾਂ ਸਰਹੰਦ ਨੂੰ ਲੈ ਗਿਆ, ਕੁਝ ਗੱਡੇ ਸਿਰਾਂ ਦੇ ਲਾਹੌਰ ਲਿਆਂਦੇ ਗਏ । ਸਿੱਖਾਂ ਦੇ ਸਿਰਾਂ ਦੇ ਮਨਾਰੇ ਚਿਣੇ ਗਏ ਤੇ ਖ਼ੂਨ ਨਾਲ ਮਸੀਤਾਂ ਧੋਤੀਆਂ ਗਈਆਂ । ਹੁਣ ਜਿੱਤ ਦੇ ਨਸ਼ੇ ਵਿਚ ਅਹਿਮਦ ਸ਼ਾਹ ਨੇ ਹਰਿਮੰਦਰ ਸਾਹਿਬ ਉਡਾ ਦਿਤਾ । ਇਕ ਇੱਟ ਅਬਦਾਲੀ ਦੇ ਨੱਕ ਤੇ ਵੱਜੀ, ਐਸਾ ਜ਼ਖਮ ਕੀਤਾ ਜੋ ਮਰਨ ਤੀਕ ਨਾ ਹਟਿਆ ।

ਅਬਦਾਲੀ ਹਰਿਮੰਦਰ ਸਾਹਿਬ ਢਾਹ-ਢੇਰੀ ਕਰਕੇ ਇਹ ਸੋਚ ਰਿਹਾ ਸੀ ਕਿ ਮੈਂ ਸਿੱਖਾਂ ਦੀ ਕੌਮ ਦਾ ਸਦਾ ਵਾਸਤੇ ਲੱਕ ਤੋੜ ਦਿਤਾ ਹੈ । ਅੰਦਾਜ਼ਾ ਲਗਾਓ ਖਾਲਸਾ ਜੀ ਏਡੀ ਵੱਡੀ ਸੱਟ ਦੁਨੀਆਂ ਦੀ ਕੋਈ ਵੀ ਕੌਮ ਨਹੀ ਸਹਾਰ ਸਕਦੀ। ਮਰਹੱਟੇ ਸਦਾ ਲਈ ਅਬਦਾਲੀ ਨਾਲ ਪਾਣੀਪਤ ਦੇ ਮੈਦਾਨ ਵਿਚ ਲੜ ਕੇ ਹਾਰ ਗਏ, ਪਰ ਸਿੱਖ ਕੌਮ ਤਾਂ ਸ਼ੇਰਾਂ ਦੀ ਕੌਮ ਹੈ, ਅਜੇ ਸਰੀਰਾਂ ਦੇ ਜ਼ਖਮ ਆਠਰੇ ਨਹੀ ਸੀ ਜਾਂ ਪਤਾ ਲੱਗਾ ਹਰਿਮੰਦਰ ਸਾਹਿਬ ਉਡਾ ਦਿਤਾ ਗਿਆ ਹੈ, ਸਰੋਵਰ ਵਿਚ ਮਲਬਾ ਸੁੱਟ ਪੂਰ ਦਿਤਾ ਗਿਆ ਹੈ ।

*ਤਾਲ ਮਧ ਦਈ ਲਿੱਦ ਗਿਰਾਇ ।*
*ਜੌ ਬੀਜੇ ਜਾਊ ਖੱਦ ਚਰਾਂਇ ।*

ਸੁਣ ਕੇ ਸਿੱਖ ਸਰਦਾਰਾਂ ਨੂੰ ਅੱਗ ਲੱਗ ਉਠੀ । ਲੱਖੀ ਜੰਗਲ ਵਿਚ ਸਿੰਘਾਂ ਦਾ ਇਕੱਠ ਬੁਲਾ ਕੇ ਸ: ਜੱਸਾ ਸਿੰਘ ਆਹਲੂਵਾਲੀਆ ਇਉਂ ਲਲਕਾਰ ਕਹਿ ਰਿਹਾ ਹੈ-

**(ਦੋਤਾਰਾ ਛੰਦ)**

1. *ਢਾਹਿਆ ਹਰਿਮੰਦਰ ਨੂੰ,*
*ਸੁਣਿਆ ਜਾਂ ਸਿੰਘਾਂ ਸਰਦਾਰਾਂ ।*
*ਹੋ ਚਿਹਰੇ ਲਾਲ ਗਏ,*
*ਖੜਕਣ ਦਿਲੋਂ ਅਣਖ ਦੀਆਂ ਤਾਰਾਂ ।*
*ਸੁਣ ਸਿਦਕੀ ਸਿੰਘਾਂ ਦੇ,*
*ਆ ਗਈ ਵਿਚ ਨੇਤਰਾਂ ਲਾਲੀ ।*
*ਢਾਹ ਕੇ ਹਰਿਮੰਦਰ ਨੂੰ,*
*ਕੀਤਾ ਕਹਿਰ ਬੜਾ ਅਬਦਾਲੀ ।*

2. *ਢਾਹ ਕੇ ਹਰਿਮੰਦਰ ਨੂੰ,*
*ਸੁੱਕਾ ਨਾ ਅਬਦਾਲੀ ਜਾਵੇ ।*
*ਹੱਥ ਐਸੇ ਦੱਸਾਂਗੇ,*
*ਜਿਹੜਾ ਹੱਥ ਕੰਨਾਂ ਨੂੰ ਲਾਵੇ ।*
*ਸਤਿਗੁਰ ਦਿਆਂ ਸਿੰਘਾਂ ਦੇ,*
*ਲੜ ਗਏ ਸੀਸ ਬਿਨਾਂ ਧੜ ਖਾਲੀ ।*
*ਢਾਹ ਕੇ ਹਰਿਮੰਦਰ ਨੂੰ ਕੀਤਾ......*

3. *ਅੱਗੇ ਮੱਸੇ ਪਾਪੀ ਨੂੰ,*
*ਏਸੇ ਥਾਂ ਝਟਕਾਇਆ ਸਿੰਘਾਂ ।*
*ਸਿਰ ਵੱਢ ਕੇ ਰੰਘੜ ਦਾ,*
*ਬੀਕਾਨੇਰ ਪੁਚਾਇਆ ਸਿੰਘਾਂ ।*
*ਅੱਜ ਫੇਰ ਦੁਬਾਰਾ ਨੇ,*
*ਉਥੇ ਗਾਉਂਦੇ ਤੁਰਕ ਕਵਾਲੀ ।*
*ਢਾਹ ਕੇ ਹਰਿਮੰਦਰ......*

4. *ਲੜ ਪਹਿਲਾਂ ਵੇਖ ਲਿਆ,*
*ਉਸ ਨੇ ਵੱਡਾ ਘੱਲੂਘਾਰਾ ।*
*ਹੁਣ ਮੰਦਰ ਢਾਹ ਦਿਤਾ,*
*ਚੱਲਿਆ ਹੋਰ ਨਹੀਂ ਜਾਂ ਚਾਰਾ ।*



*ਲੜ ਛਾਵੇਂ ਤੇਗਾਂ ਦੀ,*
*ਵੱਡੀ ਘਾਲ ਪੰਥ ਨੇ ਘਾਲੀ ।*
*ਢਾਹ ਕੇ ਹਰਿਮੰਦਰ ਨੂੰ ਕੀਤਾ.....*

5. *ਜੱਸਾ ਸਿੰਘ ਕਹਿਣ ਲੱਗਾ,*
*ਇਹ ਨਹੀਂ ਕਹਿਰ ਪੰਥ ਨੇ ਜਰਨਾ ।*
*ਉਹ ਮੇਰੇ ਨਾਲ ਤੁਰੇ,*
*ਜਿਹਨਾਂ ਅਣਖ ਆਣ ਲਈ ਮਰਨਾ ।*
*ਨਹੀਂ ਹਾਰੇ ਵੈਰੀ ਤੋਂ,*
*ਆਪਾਂ ਜਦ ਦੀ ਹੋਸ਼ ਸੰਭਾਲੀ ।*
*ਢਾਹ ਕੇ ਹਰਿਮੰਦਰ ਨੂੰ......*

6. *ਲਾ ਚੋਟ ਨਗਾਰਿਆਂ ਤੇ,*
*ਬਦਲਾ ਲੈਣ ਚੜ੍ਹੇ ਸਿੰਘ ਸੂਰੇ ।*
*ਜੱਸਾ ਸਿੰਘ ਜੋਧਾ ਸੀ,*
*ਤੁਰਿਆ ਹੋ ਪੰਥ ਦੇ ਮੂਹਰੇ ।*
*ਇਸ ਪੰਥ ਪਿਆਰੇ ਤੇ,*
*ਕਰਦੂ ਮਿਹਰ ਪੰਥ ਦਾ ਵਾਲੀ ।*
*ਢਾਹ ਕੇ ਹਰਿਮੰਦਰ.......*

ਸਿੰਘ ਇੱਕਠੇ ਹੋ ਕੇ ਅਹਿਮਦ ਸ਼ਾਹ ਅਬਦਾਲੀ ਨਾਲ ਦੋ ਹੱਥ ਕਰਨ ਲਈ ਮਾਲਵੇ ਵਿਚੋਂ ਕੋਲੋਂ ਹਥਿਆਰ ਘੋੜੇ ਤੇ ਪੈਸੇ ਲੈ ਕੇ ਫੇਰ ਸਰਹੰਦ ਦੇ ਨਵਾਬ ਜੈਨ ਖਾਂ ਨੂੰ ਲੁਟ ਕੇ ਤੂਫਾਨ ਦੀ ਤਰ੍ਹਾਂ ਅੰਮ੍ਰਿਤਸਰ ਆਣ ਬੈਠੇ । ਉਧਰ ਅਬਦਾਲੀ ਨੇ ਸਿੰਘਾਂ ਨੂੰ ਸੁਲ੍ਹਾ ਦੇ ਜਾਲ ਵਿਚ ਫਸੌਣ ਦਾ ਜਤਨ ਕੀਤਾ ਪਰ ਸਿੰਘ ਰਾਜਨੀਤੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ । ਉਹਨਾਂ ਅਬਦਾਲੀ ਨੂੰ ਲਿਖਿਆ ਕਿ ਤੇਰੀ ਸਾਡੀ ਸੁਲ੍ਹਾ ਤਲਵਾਰ ਤੇ ਹੋਵੇਗੀ, ਸੋ ਉਹ ਵੀ ਦਿਨ ਆ ਗਿਆ । 1762 ਈਸਵੀ ਦੀਵਾਲੀ ਵਾਲੇ ਦਿਨ 17 ਅਕਤੂਬਰ ਦਿਨ ਦੇ 10 ਵਜੇ ਉਧਰ ਸੂਰਜ ਨੂੰ ਗ੍ਰਹਿਣ ਲੱਗਾ ਹੋਇਆ ਸੀ ਜਾਂ ਇਕ ਲੱਖ ਪਠਾਣ ਤੇ 60 ਹਜਾਰ ਸਿੰਘ ਪਿਪਲੀ ਸਾਹਿਬ ਦੇ ਮੈਦਾਨ ਵਿਚ ਇਕ ਫੈਸਲਾਕੁੰਨ ਲੜਾਈ ਲੜਨ ਲੱਗੇ । ਇਉਂ ਬਿਆਨ ਕੀਤਾ ਹੈ—

**ਦੋਹਰਾ**

*ਜੱਸਾ ਸਿੰਘ ਲਲਕਾਰ ਕੇ ਲੱਗਾ ਸਿੰਘਾਂ ਨੂੰ ਕਹਿਣ ।*
*ਗੁੱਸਾ ਕੱਢ ਲਵੋ ਦਿਲਾਂ ਦਾ ਕਸਰ ਦਿਉ ਨਾ ਰਹਿਣ ।*

## ਡਬਲ ਕਬਿੱਤ

1\. ਚੋਟਾਂ ਮਾਰ ਕੇ ਨਗਾਰੇ,
ਛੱਡੇ ਸਿੰਘਾਂ ਨੇ ਜੈਕਾਰੇ,
ਜੋਸ਼ ਜਾਣ ਨਾ ਸਹਾਰੇ,
ਸਿੰਘਾਂ ਦੇ ਤੁਰੰਗ ਦੇ ।
ਜੁਟ ਪਏ ਦਲੇਰ ਦੂਲੇ ਵਿਚ ਜੰਗ ਦੇ ।

2\. ਜਿਹਨੂੰ ਵੱਜਦੀ ਗੁਰਜ,
ਜਾਂਦਾ ਅੱਲਾ ਕੋਲ ਪੁਜ,
ਜਿਵੇਂ ਡਿੱਗਦੇ ਬੁਰਜ,
ਉੱਚਿਆਂ ਮਕਾਨਾਂ ਦੇ ।
ਧੜਾਂ ਉਤੋਂ ਸਿਰ ਉਡਦੇ ਜਵਾਨਾਂ ਦੇ ।

3\. ਪਹਿਣ ਖੂਨੀ ਤਲਵਾਰਾਂ,
ਜਿੰਦਾਂ ਲੁਟਣ ਹਜ਼ਾਰਾਂ,
ਮੋਹਿਆ ਮੌਤ ਦੇ ਪਿਆਰਾਂ,
ਮਰਨੋਂ ਨਾ ਸੰਗਦੇ । ਜੁਟ ਪਏ.......

4\. ਦੈਂਤ ਕਾਬਲੀ ਜੋ ਮੰਨੇ,
ਹੋ ਗਏ ਮੌਤ ਵੇਖ ਅੰਨ੍ਹੇ,
ਸੰਘ ਜੋਧਿਆਂ ਨੇ ਭੰਨੇ,
ਕਾਬਲ ਦੇ ਸਾਹਨਾਂ ਦੇ ।
ਧੜਾਂ ਉਤੋਂ ਸਿਰ......

5\. ਜਿੱਤ ਹੀਰ ਨੂੰ ਵਿਆਹੁਣ,
ਜੋਧੇ ਮਰਨੋਂ ਨਾ ਭੌਣ,
ਤੇਗ ਲੱਗ ਪਈ ਬਣੌਣ,
ਟੋਟੇ ਅੰਗ ਅੰਗ ਦੇ । ਜੁਟ ਪਏ......

6\. ਪੈਣ ਢਾਲਾਂ ਉੱਤੇ ਤੇਗੇ,
ਧੱਸੇ ਛਾਤੀਆਂ 'ਚ ਨੇਜ਼ੇ,
ਕੱਢ ਸੁਟਦੇ ਕਲੇਜੇ,
ਤੀਰ ਜੋ ਕਮਾਨਾਂ ਦੇ । ਧੜਾਂ ਉਤੋਂ......

7\. ਜਿਹਨੂੰ ਤੇਗ ਜਾਵੇ ਡੰਗ,
ਚਾਹੜੇ ਮੌਤ ਵਾਲਾ ਰੰਗ,
ਸੁੱਤੇ ਹੋਣ ਜਿਓਂ ਮਲੰਗ,
ਰੱਜੇ ਨਾਲ ਭੰਗ ਦੇ । ਜੁਟ ਪਏ.....



8\. ਖਾਨ ਲੋਹੇ ਵਿਚ ਮੜ੍ਹੇ,
ਉਤੇ ਹਾਥੀਆਂ ਦੇ ਚੜ੍ਹੇ,
ਸਿਰ ਚੱਕਰਾਂ ਨਾਂ ਜੜੇ,
ਵੱਡੇ ਬਲਵਾਨਾਂ ਦੇ । ਧੜਾਂ ਉੱਤੋਂ......

9\. ਜਿਹਨੂੰ ਵੱਜ ਜਾਂਦੀ ਗੋਲੀ,
ਮੌਤ ਬਣਦੀ ਵਚੋਲੀ,
ਰਾਂਝਾ ਵਿਆਹੁਣ ਹੀਰ ਡੋਲੀ,
ਤੁਰੇ ਵੱਲ ਸ਼ੰਗ ਦੇ । ਜੁਟ ਪਏ.....

10\. 'ਸਿੱਧੀ ਕਰਕੇ ਦੁਨਾਲੀ,
ਜਦੋਂ ਛੱਡਦੇ ਅਕਾਲੀ,
ਵਾਰ ਜਾਂਵਦਾ ਨਾ ਖਾਲੀ,
ਮਾਹਿਰ ਸੀ ਨਿਸ਼ਾਨਾਂ ਦੇ ।
ਧੜਾ ਉਤੋਂ ਸਿਰ......

11\. ਜਿਹੜੇ ਖਾਨ ਵੱਡੇ-ਵੱਡੇ,
ਜਾਂਦੇ ਜਾਨਾਂ ਲੈ ਕੇ ਭੱਜੇ,
ਸੀ ਨਵ੍ਹਾ ਕੇ ਸਿੰਘਾਂ ਛੱਡੇ,
ਵਿਚ ਲਾਲ ਰੰਗ ਦੇ । ਜੁਟ ਪਏ.....

12\. ਜਿਹੜੇ ਮੌਤ ਤੇ ਸੀ ਮਹਿਲ,
ਸਿੰਘਾਂ ਕਰ ਸੁਟੇ ਘਾਇਲ,
ਵਾਰਾਂ ਲਿਖੂ ਜਰਨੈਲ,
ਵਾਂਗ ਵਿਦਵਾਨਾਂ ਦੇ । ਧੜਾਂ ਉੱਤੋਂ .......

ਇਸ ਲੜਾਈ ਵਿਚ ਅਹਿਮਦ ਸ਼ਾਹ ਦੀ ਹਾਰ ਹੋਈ, ਖਾਲਸਾ ਪੰਥ ਦੀ ਜਿੱਤ ਹੋਈ । ਨੱਸੇ ਜਾ ਰਹੇ ਪਠਾਣਾਂ ਵਿਚੋਂ ਸਿੰਘਾਂ ਨੇ ਕੁਝ ਨੂੰ ਹਥਿਆਰ ਸੁਟਾ ਲੈ ਤੇ ਸਰੋਵਰ ਵਿਚੋਂ ਮਲਬਾ ਕਢਵਾ ਕੇ ਉਹਨਾਂ ਨੂੰ ਫੇਰ ਛੱਡ ਦਿਤਾ। ਇਹ ਹੈ ਜਿਊਂਦੀਆ ਜਾਗਦੀਆਂ ਕੌਮਾਂ ਦੀ ਅਮਰ ਕਹਾਣੀ ।

ਪ੍ਰਸੰਗ ਲਿਖਿਆ 1985 ਜੂਨ ।
ਇਹ ਪ੍ਰਸੰਗ ਪ੍ਰਿਸ ਕੰਪਨੀ ਵਿਚ ਰਿਕਾਰਡ ਹੋ ਗਿਆ ਹੈ ।
ਕੈਸਟ 'ਸਿੱਖਾਂ ਦੀ ਸਭ ਤੋਂ ਵੱਡੀ ਜੰਗ'

## ਪ੍ਰਸੰਗ

# ਬਹਾਦਰ ਬਿਧੀ ਚੰਦ

ਮੇਰੇ ਖੜਕਧਾਰੀ ਦਾਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 11 ਸਾਲ ਦੀ ਉਮਰ ਵਿਚ ਗੁਰੂ-ਗੱਦੀ ਤੇ ਬੈਠੇ ਸੀ । ਅਕਾਲ ਤਖਤ ਸਾਹਿਬ ਦੀ ਰਚਨਾ ਕੀਤੀ ਤੇ ਹੁਕਮ ਕੀਤਾ ਕਿ ਮੈਂ ਮਾਲਾ ਫੇਰਨ ਵਾਲੇ ਹੱਥਾਂ 'ਚ ਤਲਵਾਰ ਫੜਾਉਣੀ ਹੈ, ਮੇਰਾ ਸਿੱਖ ਕਿਸੇ ਤੇ ਵਾਧਾ ਨਹੀਂ ਕਰੇਗਾ ਤੇ ਨਾ ਹੀ ਕਿਸੇ ਦਾ ਵਾਧਾ ਜਰੇਗਾ। ਮੈਨੂੰ ਚੰਗਿਆਂ ਜਵਾਨਾਂ ਦੀ ਲੋੜ ਹੈ, ਚੰਗਿਆਂ ਘੋੜਿਆਂ ਦੀ ਲੋੜ ਹੈ, ਚੰਗਿਆਂ ਸ਼ਸਤਰਾਂ ਦੀ ਲੋੜ ਹੈ । ਹਜ਼ੂਰ ਦਾ ਹੁਕਮ ਸੁਣ ਕੇ ਸ਼ਰਧਾਲੂਆਂ ਨੇ ਬੜੇ ਕੀਮਤੀ ਘੋੜੇ, ਤਲਵਾਰਾਂ, ਨੇਜ਼ੇ, ਢਾਲਾਂ, ਤੀਰ ਆਦਿ ਕੀਮਤੀ ਸੁਗਾਤਾਂ ਭੇਟ ਕੀਤੀਆਂ। ਪਹਿਲੀ ਲੜਾਈ ਪਿਪਲੀ ਸਾਹਿਬ ਦੇ ਮੈਦਾਨ ਵਿਚ ਲੜੀ ਗਈ ਜਿਸ ਵਿਚ ਮੁਗਲਾਂ ਦੀ ਹਾਰ ਹੋਈ। ਇਸ ਲੜਾਈ ਵਿਚ ਖੇਮਕਰਨ ਦੇ ਮਿਸਤਰੀ ਭਾਈ ਮੋਹਰੀ ਤਰਖਾਣ ਨੇ ਲੱਕੜ ਦੀ ਤੋਪ ਤਿਆਰ ਕੀਤੀ ਜਿਸ ਨੂੰ ਬਰੂਦ ਨਾਲ ਭਰ ਕੇ ਚਲਾਇਆ ਗਿਆ, ਜੋ ਇਸ ਮੈਦਾਨ ਵਿਚ ਬਹੁਤ ਕਾਮਯਾਬ ਹੋਈ ।

ਦੂਸਰੀ ਜੰਗ ਸ੍ਰੀ ਹਰਿਗੋਬਿੰਦਪੁਰ ਦੀ ਜਿੱਤ ਕੇ ਸਤਿਗੁਰੂ ਜੀ ਮਾਲਵੇ ਦੇਸ ਦੀਆਂ ਸੰਗਤਾਂ ਨੂੰ ਤਾਰਨ ਲਈ ਮਾਲਵੇ ਦੇ ਪ੍ਰਸਿੱਧ ਨਗਰ ਭਾਈ ਕੇ ਰੂਪੇ ਬੈਠੇ ਸਨ ਜਾਂ ਕਾਬਲ ਦੀ ਸੰਗਤ ਨਾਲ ਸੇਠ ਕਰੋੜੀ ਮੱਲ ਦੋ ਦਰਿਆਈ ਨਸਲ ਦੇ ਘੋੜੇ ਬੜੇ ਕੀਮਤੀ ਲੱਖਾਂ ਰੁਪਿਆ ਖਰਚ ਕੇ ਹਜ਼ੂਰ ਨੂੰ ਭੇਟਾ ਕਰਨ ਲਈ ਕਾਬਲ ਤੋਂ ਚੱਲ ਕੇ ਜਾਂ ਲਾਹੌਰ ਪਹੁੰਚਿਆ ਤਾਂ ਮੁਗਲਾਂ ਨੇ ਘੋੜੇ ਸੰਗਤਾਂ ਤੋਂ ਧੱਕੇ ਮਾਰ ਕੇ ਖੋਹ ਲਏ । ਸੋ ਸ਼ਾਮਾਂ ਦੇ ਦੀਵਾਨ ਵਿਚ ਲੁਟਿਆ ਹੋਇਆ ਕਰੋੜੀ ਸੇਠ ਹਜ਼ੂਰ ਦੇ ਪੇਸ਼ ਹੋ ਕੇ ਰੋ-ਰੋ ਕੇ ਇਉਂ ਬਿਆਨ ਕਰਦਾ ਹੈ—

### (ਕੋਰੜਾ ਛੰਦ)

1\. ਗੁਰਾਂ ਕੋਲ ਰੋ ਪਿਆ ਕਰੋੜੀ ਆਣ ਕੇ ।
ਕਹਿੰਦਾ ਮੈਨੂੰ ਰੱਖ ਲੈ ਗਰੀਬ ਜਾਣ ਕੇ ।
ਚੱਲਿਆ ਸਮੇਂ ਦਾ ਐਸਾ ਦੌਰ ਗੁਰੂ ਜੀ ।
ਘੋੜੇ ਮੈਥੋਂ ਖੁਸ ਗਏ ਲਾਹੌਰ ਗੁਰੂ ਜੀ ।

2\. ਚੱਲਿਆ ਹਾਂ ਲੈ ਕੇ ਕਾਬਲ ਕੰਧਾਰ ਚੋਂ ।
ਚੁਣ ਕੇ ਲੱਭੇ ਸੀ ਸੋਹਣੇ ਸੰਸਾਰ ਚੋਂ ।
ਹੈਸੀ ਦੋਵੇਂ ਉੱਡਣ ਜਨੌਰ ਗੁਰੂ ਜੀ ।
ਘੋੜੇ ਮੈਥੋਂ ਖੁਸ ਗਏ.....



3\. ਕਾਠੀਆਂ ਦੇ ਵਿਚ ਮੋਤੀ ਹੀਰੇ ਜੜੇ ਜੀ ।
ਜਦੋਂ ਪਾਈਆਂ ਉੱਤੇ ਤਾਂ ਫੱਬਣ ਬੜੇ ਜੀ ।
ਦੁਨੀਆਂ ਤੋਂ ਵੱਖਰਾ ਸੀ ਟੌਹਰ ਗੁਰ ਜੀ ।
ਘੋੜੇ ਮੈਥੋਂ .....

4\. ਜਦੋਂ ਡੇਰਾ ਲਾਇਆ ਮੈਂ ਲਾਹੌਰ ਆਣ ਕੇ ।
ਬੇਈਮਾਨ ਹੋਗੇ ਸੀ ਮੁਗਲ ਜਾਣ ਕੇ ।
ਫਾਹ ਲਿਆ ਸ਼ਿਕਾਰੀ ਲਾ ਕੇ ਬੌਰ ਗੁਰੂ ਜੀ ।
ਘੋੜੇ ਮੈਥੋਂ .....

5\. ਲੁੱਟ ਲਿਆ ਮੈਨੂੰ ਮੁਗਲਾਂ ਵੰਗਾਰ ਕੇ ।
ਕੱਢਿਆ ਲਾਹੌਰੋਂ ਮੈਨੂੰ ਧੱਕੇ ਮਾਰ ਕੇ ।
ਛੱਡੇ ਨਾ ਟਿਕਾਣੇ ਮੇਰੇ ਤੌਰ ਗੁਰੂ ਜੀ ।
ਘੋੜੇ ਮੈਥੋਂ .....

6\. ਮੈਂ ਤਾਂ ਕਿਹਾ ਭੇਟਾ ਕਰਨੇ ਹਜ਼ੂਰ ਦੇ ।
ਮੋਮਨ ਚੰਡਾਲ ਭਰੇ ਸੀ ਗਰੂਰ ਦੇ ।
ਰੱਖਦੇ ਤੁਸਾਂ ਨਾਂ ਦਿਲੋਂ ਖੌਹਰ ਗੁਰੂ ਜੀ ।
ਘੋੜੇ ਮੈਥੋਂ.....

7\. ਮੈਨੂੰ ਕਹਿੰਦੇ ਦੱਸ ਦਈਂ ਗੁਰਾਂ ਨੂੰ ਜਾ ਕੇ ਓਏ ।
ਲੈਂਜੇ ਸਾਥੋਂ ਘੋੜੇ ਆਪਦੇ ਛੁਡਾ ਕੇ ਓਏ ।
ਭੂਤਰੇ ਨੇ ਬੜੇ ਉਹ ਮਜੌਰ ਗੁਰੂ ਜੀ ।
ਘੋੜੇ ਮੈਥੋਂ......

ਜਦੋਂ ਸੰਗਤਾਂ ਵਿਚ ਖਲੋ ਕੇ ਆਪਣੇ ਲੁੱਟੇ ਜਾਣ ਦੀ ਵਾਰਤਾ ਸੇਠ ਕਰੋੜੀ ਮੱਲ ਨੇ ਦੱਸੀ ਤਾਂ ਹਜ਼ੂਰ ਹੱਸ ਕੇ ਕਹਿਣ ਲੱਗੇ ਮੰਗ ਲੈ ਜੋ ਕੁਝ ਵੀ ਤੇਰੀ ਇੱਛਾ ਹੈ, ਤੇਰੀ ਭੇਟਾ ਗੁਰੂ ਘਰ ਵਿਚ ਪ੍ਰਵਾਨ ਹੋ ਗਈ ਹੈ । ਕਰੋੜੀ ਮਲ ਨੇ ਕਿਹਾ ਮੇਰੀ ਸਭ ਤੋਂ ਵੱਡੀ ਮੰਗ ਇਹ ਹੈ ਕਿ ਘੋੜੇ ਮੁਗਲਾਂ ਕੋਲ ਨਹੀਂ ਰਹਿਣੇ ਚਾਹੀਦੇ। ਉਧਰ ਮਲਵਈ ਸਰਦਾਰ ਸਤਿਗੁਰਾਂ ਅੱਗੇ ਬੇਨਤੀ ਕਰਨ ਲੱਗੇ ਕਿ ਹੁਣ ਲਾਹੌਰ ਉਤੇ ਹਮਲਾ ਕਰਕੇ ਘੋੜੇ ਲਿਆਉਣੇ ਚਾਹੀਦੇ ਨੇ । ਉਧਰ ਭਾਈ ਬਿਧੀ ਚੰਦ ਸੂਰਮਾ ਸੋਚ ਰਿਹਾ ਕਿ ਇੱਕ ਨਿੱਕੀ ਜਿਹੀ ਗੱਲ ਬਦਲੇ ਲੜਾਈ ਠੀਕ ਨਹੀਂ ਹੈ, ਜੇ ਹਜ਼ੂਰ ਮੈਨੂੰ ਭੇਜਣ ਤਾਂ ਮੈਂ ਘੋੜੇ ਲਿਆ ਸਕਦਾ ਹਾਂ । ਉਧਰ ਮਲਵਈ ਸਰਦਾਰਾਂ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਕਹਿਣ ਲੱਗੇ ਕਿ ਬਿਨਾਂ ਲੜਾਈ ਤੋਂ ਸਾਡਾ ਕੋਈ ਸੂਰਮਾ ਜਾਵੇਗਾ, ਜੋ ਲਾਹੌਰ ਦੇ ਸ਼ਾਹੀ ਤਬੇਲੇ ਚੋਂ ਘੋੜੇ ਲੈ ਆਵੇਗਾ ।

ਸੋ ਸਤਿਗੁਰਾਂ ਨੇ ਭਰੇ ਦੀਵਾਨ ਵਿਚ ਕਿਹਾ, ਹੈ ਕੋਈ ਸੂਰਮਾਂ ਜੋ ਲਾਹੌਰ ਦੇ ਕਿਲ੍ਹੇ ਵਿਚੋਂ ਘੋੜੇ ਲਿਆਵੇ ? ਇਕ ਵਾਰੀ ਸਾਰੀ ਸੰਗਤ ਵਿਚ ਚੁਪ ਵਰਤ ਗਈ

ਕਿ ਇਹ ਅਣਹੋਣੀ ਗੱਲ ਕਿਵੇਂ ਹੋ ਸਕਦੀ ਹੈ, ਲਾਹੌਰ ਦੇ ਕਿਲ੍ਹੇ ਵਿਚੋਂ ਇਕ ਬੰਦਾ ਘੋੜੇ ਲੈ ਆਵੇ। ਪਰ ਦੂਸਰੇ ਪਾਸੇ ਸ਼ੇਰ ਬਿਧੀ ਚੰਦ ਤਾਂ ਅੱਗੇ ਇਹ ਚਾਹੁੰਦਾ ਸੀ ਕਿ ਮੌਕਾ ਮਿਲੇ ਤਾਂ ਮੈਂ ਜਾਵਾਂ। ਸੋ ਹੁਕਮ ਸੁਣਦਿਆਂ ਸਾਰ ਸੂਰਮਾਂ ਉਠ ਕੇ ਹਜ਼ੂਰ ਦੇ ਪੇਸ਼ ਹੋ ਗਿਆ ਤੇ ਕਹਿਣ ਲੱਗਾ ਦਾਤਾ ਜੀ ਤੁਹਾਡਾ ਮਿਹਰ ਭਰਿਆ ਹੱਥ ਮੇਰੇ ਸਿਰ ਉਤੇ ਹੋਵੇ ਤਾਂ ਮੈਂ ਘੋੜੇ ਲਿਆ ਸਕਦਾ ਹਾਂ। ਸਤਿਗੁਰਾਂ ਨੇ ਅਰਦਾਸ ਕਰਕੇ ਥਾਪੀ ਦੇ ਕੇ ਭਾਈ ਬਿਧੀ ਚੰਦ ਨੂੰ ਇਉਂ ਤੋਰਿਆ ਹੈ—

### ਦੋਤਾਰਾ ਛੰਦ

1. ਜਦੋਂ ਸੇਠ ਕਰੋੜੀ ਨੇ,
ਸਾਰਾ ਰੋ ਰੋ ਹਾਲ ਸੁਣਾਇਆ।
ਫਿਰ ਸ਼ੇਰ ਬਿਧੀ ਚੰਦ,
ਛੇਵੇਂ ਗੁਰਾਂ ਕੋਲ ਬੁਲਾਇਆ।
ਲੁੱਟ ਸੇਠ ਕਰੋੜੀ ਨੂੰ,
ਮਾਰੇ ਮੁਗਲ ਰਾਜ ਨੇ ਲੋਹੜੇ।
ਲੈ ਆਗਿਆ ਸਤਿਗੁਰਾਂ ਤੋਂ,
ਚੱਲਿਆ ਲੈਣ ਸੂਰਮਾਂ ਘੋੜੇ।

2. ਗਲ ਪੱਲਾ ਪਾ ਕੇ ਤੇ,
ਚਰਨੀਂ ਸੀਸ ਗੁਰਾਂ ਦੇ ਧਰ ਕੇ।
ਮੇਰੇ ਤੇ ਮਿਹਰ ਕਰੋ,
ਆਵਾਂ ਫਤਹਿ ਮੋਰਚਾ ਕਰਕੇ।
ਕਈ ਵਾਰੀ ਮੁਗਲਾਂ ਨੇ,
ਮੱਥੇ ਨਾਲ ਅਸਾਂ ਦੇ ਜੋੜੇ।
ਲੈ ਆਗਿਆ ਸਤਿਗੁਰਾਂ ਤੋਂ......

3. ਲੁਟ ਸਾਡਿਆਂ ਸਿੱਖਾਂ ਨੂੰ,
ਵਾਧਾ ਮੁਗਲ ਰਾਜ ਨੇ ਕੀਤਾ।
ਉਹ ਕਾਹਦਾ ਰਾਜਾ ਹੈ,
ਜਿਸ ਨੇ ਲਹੂ ਪਰਜਾ ਦਾ ਪੀਤਾ।
ਤੱਕ ਗੁਰ ਕੀ ਭੇਟਾ ਨੂੰ,
ਡੋਲੇ ਤੁਰਕ ਦਿਲਾਂ ਦੇ ਕੋਹੜੇ। ਲੈ ਆਗਿਆ......

4. ਤੱਕ ਸ਼ਾਨ ਸਤਿਗੁਰਾਂ ਦੀ,
ਰਹਿੰਦਾ ਮੁਗਲ ਬਾਦਸ਼ਾਹ ਸੜਦਾ।
ਕਾਜ਼ੀ ਦੀ ਚੁਕਣਾ ਤੇ,
ਰਹਿੰਦਾ ਵਾਂਗ ਦੁੱਧ ਦੇ ਕੜ੍ਹਦਾ।



ਸਿੱਖੀ ਦੇ ਬਾਗ ਵਿਚੋਂ,
ਉਸ ਨੇ ਫੁੱਲ ਟਹਿਕਦੇ ਤੋੜੇ। ਲੈ ਆਗਿਆ........

5. ਸਿੱਖ ਛੇਵੇਂ ਸਤਿਗੁਰ ਨੂੰ,
ਤੁਰ ਪਿਆ ਦਿਲ ਦੇ ਵਿਚ ਧਿਆਉਂਦਾ।
ਉਹ ਜਾਣੂ ਬਿਧੀਆਂ ਦਾ,
ਜਾਂਦਾ ਦਿਲ ਵਿਚ ਢੰਗ ਬਣਾਉਂਦਾ।
ਮੁਖ ਮੈਥੋਂ ਮੋੜਨਾ ਨਹੀਂ,
ਮੇਰੇ ਯਾਰ ਜਿਉਣੇ ਬੋਹੜੇ। ਲੈ ਆਗਿਆ......

6. ਲੰਘ ਪੱਤਣ ਹਰੀ ਕੇ ਨੂੰ,
ਪਹੁੰਚਾ ਵਿਚ ਲਾਹੌਰ ਦੇ ਜਾ ਕੇ।
ਫਿਰ ਯਾਰ ਜਿਉਣੇ ਨੂੰ,
ਮਾਰੀ ਵਾਜ ਕੁੰਡਾ ਖੜਕਾ ਕੇ।
ਗਲਵਕੜੀ ਪਾ ਮਿਲਦੇ,
ਮਿਲਦੇ ਵੀਰ ਜਿਉਂ ਚਿਰੀਂ ਵਿਛੋੜੇ।
ਲੈ ਆਗਿਆ .....

7. ਜੱਗ ਤੇ ਜਰਨੈਲ ਸਿੰਘਾ,
ਲੋਕੀਂ ਨਾਮ ਉਹਨਾਂ ਦਾ ਲੈਂਦੇ।
ਜੋ ਅਣਖ ਆਣ ਬਦਲੇ,
ਸਿਰ ਤੇ ਦੁਖ ਮੁਸੀਬਤ ਸਹਿੰਦੇ।
ਮੇਜਰ ਤੇ ਭਗਵਨ ਨੇ,
ਗੌਣੇ ਛੰਦ ਦੋਤਾਰੇ ਭਿਓੜੇ।
ਲੈ ਆਗਿਆ ਸਤਿਗੁਰਾਂ ਤੋਂ.....

ਭਾਈ ਬਿਧੀ ਚੰਦ ਮਾਲਵੇ ਤੋਂ ਚੱਲ ਕੇ ਹਰੀ ਕੇ ਪੱਤਣ ਤੋਂ ਹੁੰਦਾ ਹੋਇਆ ਸੁਰਸਿੰਘ ਤੇ ਛੀਨੇ ਪਿੰਡ ਤੋਂ ਚੱਲ ਕੇ ਚੌਥੇ ਦਿਨ ਦੀਆਂ ਸ਼ਾਮਾ ਨੂੰ ਲਾਹੌਰ ਵਿਚ ਆਪਣੇ ਪੱਗਵੱਟ ਦੋਸਤ ਮਿਸਤਰੀ ਜੀਵਣ ਦੇ ਘਰ ਪਹੁੰਚ ਗਿਆ। ਉਸ ਤੋਂ ਲੋੜੀਂਦਾ ਸਾਮਾਨ ਲੈ ਕੇ ਘਾਈ ਦਾ ਭੇਸ ਧਾਰ ਕੇ ਕਿਲ੍ਹੇ ਵਿਚ ਜਾਣ ਲਈ ਜੋ ਤਰੀਕਾ ਵਰਤਿਆ ਇਉਂ ਦਰਜ ਹੈ—

### ਪਉੜੀ ਛੰਦ

1. ਭੇਸ ਵਟਾਇਆ ਸਿੱਖ ਨੇ,
ਕੋਈ ਸਿਆਣ ਨਾ ਸਕੇ।
ਐਸੀਆਂ ਬਿਧੀਆਂ ਜਾਣਦਾ,
ਕੋਈ ਜਾਣ ਨਾ ਸਕੇ।

ਇਕੋ ਸੱਚੇ ਸਾਹਿਬ ਦੀ,
ਉਸ ਓਟ ਤਕਾਈ ।
ਕੋਲ ਕਿਲ੍ਹੇ ਦੇ ਬਹਿ ਗਿਆ,
ਸਿੱਖ ਬਣ ਕੇ ਘਾਈ ।

2. ਹਰਿਆ ਹਰਿਆ ਘਾਹ ਸੀ,
ਸਾਵੀਂ ਭਾਅ ਮਾਰੇ ।
ਚਿੱਲੀ ਜਿੱਡੀ ਪੰਡ ਸੀ,
ਦੰਗ ਰਹਿਗੇ ਸਾਰੇ ।
ਨਹੀਂ ਸੀ ਮਾੜੇ ਬੰਦੇ ਤੋਂ,
ਜਾਂਦੀ ਚੁਕਵਾਈ ।
ਕੋਲ ਕਿਲ੍ਹੇ ਦੇ .....

3. ਸਾਰਿਆਂ ਘਾਹੀਆਂ ਨਾਲੋਂ ਸੀ,
ਇਹਦਾ ਘਾਹ ਵੀ ਜ਼ਿਆਦਾ ।
ਜੇ ਕੋਈ ਪੁਛੇ ਮੰਗਦਾ,
ਉਹਦਾ ਭਾਅ ਵੀ ਜ਼ਿਆਦਾ ।
ਇੱਕ ਰੁਪਈਆ ਲਵਾਂਗਾ,
ਜਾਂਦਾ ਬਤਲਾਈ ।
ਕੋਲ ਕਿਲ੍ਹੇ ਦੇ ....

4. ਜੇ ਕੋਈ ਪੁਛੇ ਦੱਸਦਾ,
ਮੇਰਾ ਨਾਮ ਕਸੇਰਾ ।
ਘਾਹ ਵੇਚਣ ਦਾ ਮੁਢ ਤੋਂ,
ਹੈ ਕਿੱਤਾ ਮੇਰਾ ।
ਜਾਂਦਾ ਹਾਂ ਘਾਹ ਵੇਚ ਕੇ,
ਮੈਂ ਝੱਟ ਲੰਘਾਈ । ਕੋਲ ਕਿਲ੍ਹੇ ਦੇ .....

5. ਘਾਹ ਖਰੀਦਣ ਵਾਸਤੇ,
ਸੌਂਧੇ ਖਾਂ ਆਇਆ ।
ਹਰਿਆ ਹਰਿਆ ਵੇਖ ਕੇ
ਗਿਆ ਮਨ ਲਲਚਾਇਆ ।
ਬਿਧੀ ਚੰਦ ਨੂੰ ਪੁਛਦਾ,
ਕੀ ਲੈਣਾ ਭਾਈ ।
ਕੋਲ ਕਿਲ੍ਹੇ ਦੇ ......



6. ਬਿਧੀ ਚੰਦ ਕਹੇ ਤੁਸਾਂ ਨਾਲ
ਕੀ ਮੁੱਲ ਮੁਕੰਣਾ ।
ਜੇ ਘਾਹ ਸੱਚੇ ਸਾਹਿਬ ਦੇ,
ਘੋੜਿਆਂ ਨੂੰ ਪੌਣਾ ।
ਮੈਂ ਵੀ ਕਰਨੀ ਚਾਂਹਵਦਾ,
ਹਾਂ ਸਫਲ ਕਮਾਈ । ਕੋਲ ਕਿਲ੍ਹੇ ਦੇ....

7. ਜੇ ਘਾਹ ਘੋੜੇ ਖਾਣ ਨਾ,
ਲੈਣਾ ਨਹੀਂ ਆਨਾ ।
ਬੇਸ਼ੱਕ ਮੈਨੂੰ ਹੋਰ ਵੀ,
ਕਰ ਦਿਓ ਜੁਰਮਾਨਾ ।
ਜਰਨੈਲ ਸਿੰਘ ਹੁਣ ਵੇਖ ਲਈ,
ਸਿੱਖ ਦੀ ਚਤੁਰਾਈ ।
ਕੋਲ ਕਿਲ੍ਹੇ ਦੇ......

ਘਾਹ ਵੇਚਣ ਵਾਲੇ ਤਾਂ ਬਹੁਤ ਸੀ ਪਰ ਭਾਈ ਬਿਧੀ ਚੰਦ ਦਾ ਘਾਹ ਸਾਫ ਸੁਥਰਾ ਤੇ ਜ਼ਿਆਦਾ ਸੀ । ਜੇ ਕੋਈ ਪੁਛਦਾ ਤੁਹਾਡਾ ਨਾਮ ਕੀ ਹੈ, ਫੱਟ ਉੱਤਰ ਦਿੰਦਾ ਮੇਰਾ ਨਾਂ ਕਸੇਰਾ ਹੈ । ਜੇ ਕੋਈ ਗਾਹਕ ਘਾਹ ਦਾ ਮੁੱਲ ਪੁਛਦਾ ਤਾਂ ਬਿਧੀ ਚੰਦ ਕਹਿੰਦਾ ਇਕ ਰੁਪਿਆ । ਉਹਨਾਂ ਵੇਲਿਆਂ ਵਿਚ ਇਕ ਰੁਪਏ ਦਾ ਚਾਰ ਸੇਰ ਦੇਸੀ ਘਿਓ ਆ ਜਾਂਦਾ ਸੀ । ਨਾ ਗਾਹਕ ਦੀ ਕੋਈ ਲੋੜ ਸੀ, ਉਹ ਤਾਂ ਕਿਲ੍ਹੇ ਵਿਚਲੇ ਗਾਹਕਾਂ ਨੂੰ ਉਡੀਕਦਾ ਸੀ । ਕਿਲ੍ਹੇ ਵਿਚ ਦਰੋਗਾ ਤੇ ਕੁਝ ਨੌਕਰ ਬੰਦੇ ਘਾਹ ਖਰੀਦਣ ਲਈ ਆਏ ਤਾਂ ਬਿਧੀ ਚੰਦ ਦਾ ਘਾਹ ਵੇਖ ਕੇ ਦੰਗ ਰਹਿ ਗਏ। ਜਾਂ ਮੁੱਲ ਪੁੱਛਿਆ ਤਾਂ ਬਿਧੀ ਚੰਦ ਨੇ ਕਿਹਾ ਮੈ ਸੁਣਿਆ ਹੈ ਮੇਰੇ ਪਾਤਸ਼ਾਹ ਦੇ ਘੋੜੇ ਘਾਹ ਨਹੀਂ ਖਾਂਦੇ, ਜੇ ਖਾ ਲੈਣ ਤਾਂ ਦਮੜਾ ਇਕ ਲਵਾਂਗਾ । ਸੋ ਨੌਕਰਾਂ ਨੇ ਇਕ ਰੁਪਿਆ ਦੇ ਕੇ ਘਾਹ ਦੀ ਪੰਡ ਬਿਧੀ ਚੰਦ ਦੇ ਸਿਰ ਤੇ ਚੁਕਾ ਲਈ । ਜਾਂ ਕਿਲ੍ਹੇ ਵਿਚ ਜਾ ਕੇ ਘੋੜਿਆਂ ਦੇ ਦਰਸ਼ਨ ਕੀਤੇ ਤਾਂ ਮਨ ਦੀ ਭੁੱਖ ਲਹਿ ਗਈ। ਹੁਣ ਏਸੇ ਤਰ੍ਹਾਂ ਰੋਜ਼ ਘਾਹ ਬਿਧੀ ਚੰਦ ਕਿਲ੍ਹੇ ਵਿਚ ਲੈ ਜਾਂਦਾ, ਸਾਰਾ ਸਾਰਾ ਦਿਨ ਘੋੜਿਆਂ ਦੀ ਸੇਵਾ ਕਰਦਾ ਰਹਿੰਦਾ । ਸੌਂਧੇ ਖਾਂ ਨੇ ਬਿਧੀ ਚੰਦ ਨੂੰ ਪੱਕਾ ਨੌਕਰ ਰੱਖ ਲਿਆ । ਬਿਧੀ ਚੰਦ ਨੇ ਘੋੜਿਆਂ ਦੀ ਸੇਵਾ ਦਿਲ ਲਾ ਕੇ ਕੀਤੀ । ਸਾਰਾ ਭੇਤ ਵੀ ਲੈ ਲਿਆ ਕਿ ਕਾਠੀਆਂ ਕਿਥੇ ਨੇ, ਕਈ ਵਾਰੀ ਸਿਧ-ਪੱਧਰੀਆਂ ਗੱਲਾਂ ਕਰਕੇ ਭੋਲਾ ਜਿਹਾ ਬਣ ਜਾਂਦਾ ਜਿਵੇਂ ਜਾਣਦਾ ਕੱਖ ਨਾ ਹੋਵੇ । ਬਾਦਸ਼ਾਹ ਸ਼ਾਹ ਜਹਾਨ ਨੇ ਖੁਸ਼ ਹੋ ਕੇ ਘੋੜਿਆਂ ਦੀ ਸੇਵਾ ਕਰਨ ਦੇ ਇਵਜ਼ ਵਿਚ ਇਕ ਹਜ਼ਾਰ ਰੁਪਿਆ ਬਿਧੀ ਚੰਦ ਨੂੰ ਇਨਾਮ ਦਿਤਾ ਤੇ ਕਿਲ੍ਹੇ ਦੇ ਨੌਕਰਾਂ ਨੇ ਕਿਹਾ ਯਾਰ ਤੇਰੀ

ਤਰੱਕੀ ਹੋਈ ਹੈ ਇਸ ਲਈ ਪਾਰਟੀ ਕਰ। ਬਿਧੀ ਚੰਦ ਨੇ ਪੈਸੇ ਦਿੱਤੇ ਤੇ ਮੁਰਗੇ ਬਟੇਰਿਆਂ ਦੇ ਮਾਸ ਨੂੰ ਤੜਕਾ ਲੱਗਣਾ ਸ਼ੁਰੂ ਹੋ ਗਿਆ। ਭਾਈ ਬਿਧੀ ਚੰਦ ਠੇਕੇ ਤੋਂ ਸ਼ਰਾਬ ਲੈਣ ਗਿਆ। ਹੁਣ ਠੇਕੇਦਾਰ ਆਪਣੀ ਸ਼ਰਾਬ ਦੀ ਵੰਨਗੀ ਭਾਈ ਜੀ ਨੂੰ ਇਸ ਤਰ੍ਹਾਂ ਦੱਸ ਰਿਹਾ ਹੈ—

## ਕੋਰੜਾ ਛੰਦ

1. ਠੇਕੇਦਾਰ ਬੋਲੇ ਹੱਸ ਕੇ ਜ਼ਬਾਨ ਚੋਂ।
ਲੱਭਣੀ ਨਹੀਂ ਐਸੀ ਕਿਸੇ ਵੀ ਦੁਕਾਨ ਚੋਂ।
ਛੇਤੀ ਦੱਸੋ ਕਿਹੜੀ ਚਾਹੀਦੀ ਜਨਾਬ ਜੇ।
ਮੇਰੇ ਕੋਲ ਰੰਗ ਰੰਗ ਦੀ ਸ਼ਰਾਬ ਜੇ।
2. ਸੰਤਰੀ 'ਚ ਸੰਤਰੇ ਰਸ ਭਰਿਆ।
ਲੌਂਗ ਪਾ ਕੇ ਰੰਮ ਨੂੰ ਗਰਮ ਕਰਿਆ।
ਏਸੇ ਕੰਮ ਦਾ ਤੇ ਮੈਂ ਵੀ ਉਸਤਾਦ ਜੇ। ਮੇਰੇ ਕੋਲ....
3. ਹਰੀ ਵਿਚ ਰਸ ਪਾਇਆ ਜੇ ਅੰਗੂਰ ਦਾ।
ਮਾਨਣਾ ਅਨੰਦ ਮਾਣ ਲਵੋ ਸਰੂਰ ਦਾ।
ਵੱਡੇ-ਵੱਡੇ ਪੀਂਦੇ ਇਸ ਨੂੰ ਨਵਾਬ ਜੇ। ਮੇਰੇ ਕੋਲ.....
4. ਲਾਲ ਰੰਗੀ ਜਿਹੜੀ ਇਹ ਹੈ ਲਾਲ ਪਰੀ ਜੀ।
ਪੀਣ 'ਚ ਸਵਾਦੀ ਤੇ ਬੜੀ ਹੈ ਖਰੀ ਜੀ।
ਪੱਚ ਜਾਂਦਾ ਨਾਲੇ ਰਜਵਾਂ ਕਬਾਬ ਜੇ। ਮੇਰੇ ਕੋਲ....
5. ਬੀਅਰ ਦੇ ਵੇਖ ਲੈ ਨਜ਼ਾਰੇ ਵੱਖਰੇ।
ਪੀ ਕੇ ਇਹਨੂੰ ਔਂਦੇ ਨੇ ਹੁਲਾਰੇ ਵੱਖਰੇ।
ਗਰਮੀ ਦਾ ਨਾਲੇ ਕਰਦੀ ਇਲਾਜ ਜੇ। ਮੇਰੇ ਕੋਲ.....
6. ਬਰਾਂਡੀ ਦੀ ਵੀ ਭਾਵੇਂ ਵੇਖ ਲੈ ਤਸੀਰ ਨੂੰ।
ਕਰਦੀ ਗਰਮ ਪਲਾਂ 'ਚ ਸਰੀਰ ਨੂੰ।
ਪੀਂਦੇ ਇਹਨੂੰ ਲੋਕ ਵਿਚ ਪੋਹ ਮਾਘ ਜੇ। ਮੇਰੇ ਕੋਲ....
7. ਵਿਸਕੀ ਵੀ ਮੇਰੀ ਵਿਕਦੀ ਬਥੇਰੀ ਏ।
ਡਿੱਗਿਆਂ ਦਿਲਾਂ ਨੂੰ ਦੇਂਦੀ ਜੋ ਦਲੇਰੀ ਏ।
ਚਿੰਤਾ ਚੁੜੇਲ ਨੂੰ ਇਹ ਪੌਂਦੀ ਭਾਜ ਜੇ।
ਮੇਰੇ ਕੋਲ....
8. ਰੂੜੀ ਮਾਰਕਾ ਵੀ ਪੀਪਿਆਂ 'ਚ ਬੰਦ ਜੇ।
ਜੱਟ-ਬੂਟ ਇਹਨੂੰ ਰੱਖਦੇ ਪਸੰਦ ਜੇ।
ਪਿੰਡਾਂ ਵਿਚ ਪੈਂਦੇ ਏਸੇ ਤੋਂ ਫਸਾਦ ਜੇ।
ਮੇਰੇ ਕੋਲ.....



9. ਦੇਸੀ ਪਹਿਲੇ ਤੋੜ ਦੀ ਨਿਰੀ ਸਪ੍ਰਿਟ ਜੇ।
ਜਿਹੜਾ ਬੰਦਾ ਪੀ ਲਏ ਕੱਢਦਾ ਨਾ ਮਿੰਟ ਜੇ।
ਅੱਲਾ ਦੀ ਕਸਮ ਨਿਰਾ ਹੀ ਤੇਜ਼ਾਬ ਜੇ।
ਮੇਰੇ ਕੋਲ.....
10. ਦੱਸ ਜਰਨੈਲ ਸਿੰਘਾ ਕਿਹੜੀ ਪਾ ਦਿਆਂ।
ਦੂਜਿਆਂ ਦੇ ਨਾਲੋਂ ਸਸਤੀ ਲਗਾ ਦਿਆਂ।
ਮੋੜਦੇ ਨਾ ਅਸੀਂ ਗਾਹਕ ਨੂੰ ਨਰਾਜ਼ ਜੇ।
ਮੇਰੇ ਕੋਲ ਰੰਗ ਰੰਗ.....

ਭਾਈ ਬਿਧੀ ਚੰਦ ਨੇ ਪਹਿਲੇ ਤੋੜ ਦੀ ਦੇਸੀ ਸ਼ਰਾਬ ਦਾ ਪੀਪਾ ਖਰੀਦ ਲਿਆ ਤੇ ਕਿਲ੍ਹੇ ਵੱਲ ਨੂੰ ਮੁੜ ਪਿਆ। ਏਧਰ ਮਨ ਮੰਨੇ ਕੁਕੜ ਤੇ ਬਟੇਰੇ ਬਣਾਏ ਗਏ, ਸਾਰੇ ਨੌਕਰਾਂ ਨੇ ਵੇਲੇ ਨਾਲ ਘੋੜਿਆਂ ਨੂੰ ਪੱਠੇ ਪਾ ਦਿੱਤੇ ਤੇ ਲੱਗੇ ਗਹਿਰੇ ਗੱਫੇ ਲੈਣ। ਸਾਰੇ ਕਸੇਰੇ ਤੇ ਬੜੇ ਖੁਸ਼ ਸੀ ਤੇ ਸੈਂਧੇ ਖਾਂ ਦਰੋਗਾ ਕਹਿਣ ਲੱਗਾ ਭਾਈ ਕਸੇਰਿਆ! ਆਪਣੇ ਮਿੱਤਰਾਂ ਨੂੰ ਆਪਣੇ ਹੱਥੀ ਵਰਤਾ। ਭਾਈ ਜੀ ਨੇ ਪਿੱਤਲ ਦਾ ਗਲਾਸ ਲੈ ਕੇ ਸਾਰੀ ਮਹਿਫਲ ਵਿਚ ਜਿਵੇਂ ਸ਼ਰਾਬ ਵਰਤਾਈ ਉਸ ਵੇਲੇ ਦਾ ਵੇਰਵਾ ਇਉਂ ਬਿਆਨ ਕੀਤਾ ਹੈ—

## ਕਾਫੀ ਛੰਦ

1. ਬਿਧੀ ਚੰਦ ਨੇ ਆਣ ਟਕਾਇਆ,
ਜਦੋਂ ਨਸ਼ੇ ਦਾ ਪੀਪਾ।
ਮੁਗਲਾਂ ਦੇ ਮੁੰਡਿਆਂ ਨੇ ਜਦ ਸੀ,
ਪਹਿਲਾ ਹਾੜਾ ਪੀਤਾ।
ਪਹਿਲੇ ਤੋੜ ਦੀ ਬਲੇ ਉਂਗਲ ਤੇ,
ਜੈਸੇ ਬਲੇ ਮਤਾਬੀ।
ਵਿਚ ਪਲਾਂ ਦੇ ਬਿਧੀ ਚੰਦ ਨੇ,
ਕਰਤੇ ਤੁਰਕ ਸ਼ਰਾਬੀ।
2. ਨਿੱਕੇ ਵੱਡੇ ਨੌਕਰ ਚਾਕਰ,
ਬਹਿਗੇ ਹੋ ਕੇ ਕੱਠੇ।
ਚਾਰ ਵਜੇ ਤੋਂ ਪਹਿਲਾਂ ਪਾਤੇ,
ਘੋੜਿਆਂ ਨੂੰ ਵੀ ਪੱਠੇ।
ਮੁਫਤ ਦੀ ਤੇ ਮਰ ਜਾਂਦੇ ਨੇ,
ਬਹੁਤੇ ਲੋਕ ਪੰਜਾਬੀ।
ਵਿਚ ਪਲਾਂ ਦੇ ਬਿਧੀ ਚੰਦ ਨੇ ਕਰਤੇ.....

3\. *ਦੂਜਾ ਹਾੜਾ ਬਿਧੀ ਚੰਦ ਨੇ,
ਫੇਰ ਜਦੋਂ ਵਰਤਾਇਆ ।
ਉਹ ਨਾ ਰਹਿ ਗਿਆ ਹਿੱਲਣ ਜੋਗਾ,
ਜਿਸ ਨੂੰ ਇਕ ਪਿਲਾਇਆ ।
ਸਾਰੇ ਬੇਫਿਕਰੇ ਹੋ ਪੀਂਦੇ,
ਜੋ ਵੀ ਮੁੱਲਾਂ ਕਾਜ਼ੀ ।
ਵਿਚ ਪਲਾਂ ਦੇ ਬਿਧੀ ਚੰਦ ਨੇ ਕਰਤੇ....*

4\. *ਵੇਖੋ ਬਾਬੇ ਬਿਧੀ ਚੰਦ ਨੇ,
ਕੈਸਾ ਢੰਗ ਚਲਾਇਆ ।
ਪਤਾ ਨਾ ਲੱਗਾ ਕਿਸੇ ਖਾਨ ਨੂੰ,
ਕੀ ਭਾਣਾ ਵਰਤਾਇਆ ।
ਕਈ ਧਰਤੀ ਤੇ ਡਿੱਗੇ ਤੜਫਣ,
ਜਿਉਂ ਫੱਟੜ ਮਗਰਾਬੀ ।
ਵਿਚ ਪਲਾਂ ਦੇ ਬਿਧੀ ਚੰਦ ਨੇ ਕਰਤੇ.....*

5\. *ਹੋਏ ਸ਼ਰਾਬੀ ਕਈ ਝੂਲਦੇ,
ਮੂੰਹ ਚੋਂ ਡਿੱਗਣ ਲਾਲਾਂ ।
ਡਿੱਗੇ ਪਏ ਵੀ ਕੱਢੀ ਜਾਂਦੇ,
ਇਕ ਦੂਜੇ ਨੂੰ  ਗਾਲ੍ਹਾਂ,
ਇਕ ਦੂਜੇ ਦੇ ਸਿਰ ਵਿਚ ਠੋਕਣ,
ਲਾਹ ਪੈਰੋਂ ਗਰਗਾਬੀ । ਵਿਚ ਪਲਾਂ.....*

6\. *ਬਹੁਤੇ ਹੋ ਗਏ ਉਥੇ ਟੇਢੇ,
ਲੱਗ ਪਏ ਵੱਜਣ ਘੁਰਾੜੇ ।
ਸੌਂਧੇ ਖਾਨ ਵੀ ਟੇਢਾ ਹੋ ਗਿਆ,
ਪੀ ਕੇ ਦੋ ਤਿੰਨ ਹਾੜੇ ।
ਸਹਿਜ ਨਾਂ ਕੱਢ ਲਈ ਬਿੰਧੀ ਚੰਦ ਨੇ,
ਜੇਬ ਉਹਦੇ ਚੋਂ ਚਾਬੀ ।
ਵਿਚ ਪਲਾਂ ਦੇ ਬਿਧੀ ਚੰਦ ਨੇ ਕਰਤੇ......*

7\. *ਮੈਂ ਹਾਂ ਛੇਵੇਂ ਗੁਰ ਦਾ ਜੋਧਾ,
ਸਮਝ ਨਾ ਲਿਓ ਕਸੇਰਾ ।
ਦਿਨ ਚੜ੍ਹਦੇ ਨਾਲ ਖਾਨੋਂ ਤੁਹਾਨੂੰ,
ਪਤਾ ਲੱਗੂਗਾ ਮੇਰਾ ।*



*ਰੱਖਣ ਅਜ਼ਾਦ ਹਮੇਸ਼ਾ ਹਸਤੀ,
ਬੰਦੇ ਇਨਕਲਾਬੀ ।
ਵਿਚ ਪਲਾਂ ਦੇ ਬਿਧੀ ਚੰਦ ਨੇ,
ਕਰਤੇ ਤੁਰਕ....*

8\. *ਕਈਆਂ ਨੂੰ ਫੜ ਦੇ ਗਿਆ ਅੰਦਰ,
ਮੂੰਹ ਕਰ ਗਿਆ ਕਾਲੇ ।
ਬਾਹਰੋਂ ਮਾਰ ਦਿੱਤੇ ਝੱਟ ਜਿੰਦਰੇ,
ਕੁੰਜੀਆਂ ਲੈ ਗਿਆ ਨਾਲੇ ।
ਜਰਨੈਲ ਸਿੰਘਾ ਜੱਸ ਉਸ ਦਾ ਗਾਵਣ,
ਤਾਹੀਓਂ ਰਾਗੀ ਢਾਡੀ । ਵਿਚ ਪਲਾਂ ਦੇ.....*

ਭਾਈ ਬਿਧੀ ਚੰਦ ਜਿਹਾ ਮੌਕਾ ਭਾਲਦਾ ਸੀ ਉਹਦੇ ਵਰਗਾ ਕੁਦਰਤ ਨੇ ਬਣਾ ਦਿੱਤਾ। ਸਾਰੇ ਸ਼ਰਾਬੀ ਹੋ ਗਏ। ਭਾਈ ਜੀ ਨੇ ਫੜ ਕੇ ਅੰਦਰੀ ਦੇ ਦਿੱਤੇ ਤੇ ਚਾਬੀਆ ਜੇਬ ਚੋਂ ਕਾਬੂ ਕੀਤੀਆਂ। ਉਤੋਂ ਅੱਧੀ ਰਾਤ ਸੀ, ਇਕ ਸਵਾ ਲੱਖੀ ਕਾਠੀ ਕੱਢੀ ਤੇ ਪਾਈ ਦਿਲਬਾਗ ਘੋੜੇ ਉਤੇ ਤੇ ਨਾਲ ਹੀ ਦੂਸਰੇ ਘੋੜੇ ਨੂੰ ਦਿਲਾਸਾ ਦੇ ਕੇ ਕਿਹਾ ਮਿੱਤਰਾ ਘਾਬਰੀ ਨਾ ਮੈਂ ਤੈਨੂੰ ਛੇਤੀ ਹੀ ਲੈ ਜਾਵਾਂਗਾ। ਹੋ ਕੇ ਸੂਰਮੇ ਨੇ ਘੋੜੇ ਤੇ ਅਸਵਾਰ ਰਾਵੀ ਵਾਲੇ ਪਾਸੇ ਘੋੜਾ ਕੰਧ ਤੋਂ ਟਪਾ ਲਿਆ ਤੇ ਕੁੰਜੀਆ ਰਾਵੀ ਵਿਚ ਸੁੱਟ ਦਿਤੀਆਂ ਤੇ ਰਾਤ ਹਰੀਕੇ ਪੱਤਣ ਪਹੁੰਚ ਗਿਆ।

ਉਥੋਂ ਚੱਲ ਕੇ ਮੰਜ਼ਲਾਂ ਮਾਰਦਾ ਹੋਇਆ ਭਾਈ ਰੂਪੇ ਪਹੁੰਚ ਗਿਆ। ਸੰਗਤਾਂ ਨੇ ਜੈਕਾਰਿਆਂ ਨਾਲ ਸੁਆਗਤ ਕੀਤਾ। ਮੀਰੀ ਪੀਰੀ ਦੇ ਮਾਲਕ ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਬਿਧੀ ਚੰਦ ਨੂੰ ਛਾਤੀ ਨਾਲ ਲਾ ਕੇ ਵਰ ਦਿੱਤਾ—

'ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ।'

ਨਾਲ ਹੀ ਸਤਿਗੁਰਾਂ ਬਚਨ ਕੀਤਾ ਭਾਈ ਬਿਧੀ ਚੰਦ ਤੇਰੇ ਘਰ ਦੇ ਕੂਕਰਾਂ ਵਿਚ ਵੀ ਕਰਾਮਾਤਾਂ ਹੋਣਗੀਆਂ। ਤਾਂ ਖਾਲਸਾ ਜੀ ਅੱਜ ਵੀ ਉਸ ਸੂਰਮੇ ਦੀ ਯਾਰ੍ਹਵੀ ਪੀਹੜੀ ਸੰਤ ਬਾਬਾ ਦਿਆ ਸਿੰਘ ਜੀ ਬਿਧੀਚੰਦੀਏ ਬੜੇ ਪੂਰਨ ਸਾਧੂ ਹਨ। ਤਕਰੀਬਨ ਸਾਰੇ ਸਿੱਖ ਜਗਤ ਵਿਚ ਉਹਨਾਂ ਮਹਾਂਪੁਰਸ਼ਾ ਦਾ ਬੜਾ ਸਤਿਕਾਰ ਹੈ। ਹੁਣ ਉਧਰ ਵਿਚਾਰੇ ਨੌਕਰਾਂ ਨੂੰ ਦਿਨ ਦੇ ਸੱਤ ਵਜੇ ਸੁਰਤ ਆਈ। ਫੇਰ ਵੀ ਕੀ ਕਰਨ, ਕਿਉਂਕਿ ਸਾਰੇ ਜਿੰਦਰਿਓਂ ਅੰਦਰ ਸੀ। ਬਾਦਸ਼ਾਹ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਮਿਸਤਰੀ ਨੂੰ ਸੱਦ ਕੇ ਜਿੰਦਰੇ ਭੰਨ ਕੇ ਉਹਨਾਂ ਨੂੰ ਬਾਹਰ ਕੱਢਿਆ। ਜਾਂ ਗਿਣਤੀ ਕੀਤੀ ਤਾਂ ਕਸੇਰਾ ਨਾ ਲੱਭੇ, ਜਾਂ ਘੋੜੇ ਵੇਖੇ ਤਾਂ ਦਿਲਬਾਗ ਨਾ ਲੱਭੇ, ਫੇਰ ਲੱਗੇ ਕਸੇਰੇ ਦੀ ਭਾਲ ਕਰਨ, ਜਿਸ ਨੇ ਆਪਣਾ ਨਾਮ ਕਸੇਰਾ ਦੱਸਿਆ ਸੀ, ਉਸ ਦਾ ਪਿੰਡ ਤਾਂ ਨਾਮ ਵਰਗਾ ਈ ਹੋਵੇਗਾ ਨਾ। ਉਧਰ ਘੋੜਿਆ ਦੀ

ਜੋੜੀ ਵਿਛੜ ਕੇ ਓਦਰ ਗਈ, ਲਾਹੌਰ ਵਿਚ ਗੁਲਬਾਗ ਵੀ ਕੁਝ ਨਹੀਂ ਖਾਂਦਾ ਪੀਂਦਾ ਤੇ ਏਧਰ ਦਿਲਬਾਗ ਵੀ ਰੋ ਰਿਹਾ ਹੈ। ਬਾਬਾ ਜੇਠਾ ਜੀ ਸਿਧਵਾਂ ਵਾਲੇ ਸਤਿਗੁਰੂ ਜੀ ਨੂੰ ਕਹਿਣ ਲੱਗੇ ਭਾਈ ਬਿਧੀ ਚੰਦ ਨੂੰ ਆਖੋ ਇਹਨਾਂ ਦੋਵਾਂ ਭਰਾਵਾਂ ਨੂੰ ਇਕੱਠਿਆ ਕਰੇ। ਇਹ ਸੁਣ ਕੇ ਸਤਿਗੁਰ ਜੀ ਹੱਸ ਕੇ ਕਹਿਣ ਲੱਗੇ ਭਾਈ ਬਿਧੀ ਚੰਦ ਜੀ ਦੂਜੇ ਬਾਰੇ ਕੀ ਵਿਚਾਰ ਹੈ।

ਤਾਂ ਭਾਈ ਬਿਧੀ ਚੰਦ ਕਹਿਣ ਲੱਗਾ ਦਾਤਾ ਜੀ ਅੱਗੇ ਪਹਿਲਾ ਘੋੜਾ ਲਿਆਉਣ ਲੱਗਿਆਂ ਕੁਝ ਜ਼ਿਆਦਾ ਸਮਾਂ ਲੱਗ ਗਿਆ ਸੀ, ਸੋ ਹੁਣ ਮੈਂ ਕੁਝ ਦਿਨਾਂ ਵਿਚ ਮੁੜ ਆਵਾਂਗਾ। ਇਹ ਸੁਣ ਕੇ ਸੰਗਤਾਂ ਹੈਰਾਨ ਹੋ ਗਈਆਂ ਕਿ ਸਾਰੇ ਨੌਕਰ ਚਾਕਰ ਸ਼ਾਹ ਜਹਾਨ ਦੇ ਭਾਈ ਜੀ ਦੀ ਸ਼ਕਲ ਦੇ ਵਾਕਫ ਨੇ, ਹੁਣ ਇਹ ਕਿਸ ਤਰ੍ਹਾਂ ਜਾਵੇਗਾ ? ਪਰ ਕਿਰਪਾ ਗੁਰ ਘਰ ਦੀ ਜਿੰਨੀ ਬਾਬੇ ਬਿਧੀ ਚੰਦ ਤੇ ਸੀ ਓਨੀ ਸ਼ਾਇਦ ਕਿਸੇ ਹੋਰ ਗੁਰਸਿੱਖ ਤੇ ਨਹੀਂ ਹੋਵੇਗੀ। ਬਿਧੀ ਚੰਦ ਮੰਜ਼ਲਾਂ ਮਾਰਦਾ ਹੋਇਆ ਲਾਹੌਰ ਬੋਹੜੇ ਖੱਤਰੀ ਦੇ ਘਰ ਗਿਆ। ਬੋਹੜਾ ਬਿਧੀ ਚੰਦ ਦਾ ਪੁਰਾਣਾ ਮਿੱਤਰ ਸੀ। ਜਾਂ ਭਾਈ ਬਿਧੀ ਚੰਦ ਜੀ ਉਸ ਦੇ ਘਰ ਗਏ ਤਾਂ ਉਹ ਬਹੁਤ ਖੁਸ਼ ਹੋਇਆ। ਜਾਂ ਭਾਈ ਜੀ ਤੋਂ ਆਉਣ ਦਾ ਕਾਰਨ ਪੁਛਿਆ ਤਾਂ ਬਾਬਾ ਜੀ ਨੇ ਕਿਹਾ ਕਿ ਇਕ ਘੋੜਾ ਘਾਈ ਬਣ ਕੇ ਲੈ ਗਿਆ ਹਾਂ, ਹੁਣ ਦੂਸਰਾ ਲੈਣ ਲਈ ਗੁਰੂ ਜੀ ਨੇ ਭੇਜਿਆ ਹੈ। ਸੁਣ ਕੇ ਬੋਹੜਾ ਖੱਤਰੀ ਹੈਰਾਨ ਹੋ ਕੇ ਕਹਿਣ ਲੱਗਾ ਵੇਖੀਂ ਭਾਈ ਕਿਲ੍ਹੇ ਵਿਚ ਨਾ ਜਾਵੀਂ ਤੇਰੇ ਸਿਰ ਦਾ ਮੁੱਲ ਚਾਰ ਲੱਖ ਸਰਕਾਰ ਨੇ ਰੱਖਿਆ ਹੈ, ਤੇਰੀ ਤਾਂ ਬੜੀ ਜ਼ਬਰਦਸਤ ਭਾਲ ਹੋ ਰਹੀ ਹੈ। ਭਾਈ ਬਿਧੀ ਚੰਦ ਕਹਿਣ ਲੱਗਾ ਮਿੱਤਰਾ ਘਬਰਾਉਣ ਦੀ ਲੋੜ ਨਹੀਂ ਮੈਂ ਹੁਣ ਅੱਗੇ ਵਰਗਾ ਬਣ ਕੇ ਨਹੀਂ ਜਾਵਾਂਗਾ। ਹੁਣ ਮੈਂ ਹੋਰ ਤਰ੍ਹਾਂ ਦਾ ਬਣਨ ਲੱਗਾ ਹਾਂ। ਤਾਂ ਬੋਹੜੇ ਨੇ ਕਿਹਾ ਹੁਣ ਕਿਸ ਤਰ੍ਹਾਂ ਦਾ ਬਣ ਕੇ ਜਾਵੇਂਗਾ ? ਤਾਂ ਭਾਈ ਜੀ ਨੇ ਕਿਹਾ ਤਿੰਨ ਤਰ੍ਹਾਂ ਦੀਆਂ ਤਿੰਨ ਪੁਸ਼ਾਕਾਂ, ਤੀਹਾਂ ਗਜ਼ਾਂ ਦੀ ਮਲਮਲ ਦੀ ਪੱਗ, ਤਿੰਨਾਂ ਗਜ਼ਾਂ ਦਾ ਪਰਨਾ, ਇਕ ਤਾਂਬੇ ਦਾ ਡੋਲ, ਇਕ ਤਿਲੇਦਾਰ ਜੁੱਤੀ, ਇਕ ਸੰਧੂਰ ਦੀ ਡਲੀ ਤੇ ਇਕ ਸੰਗਲੀ, ਇਕ ਕੋਰੇ ਕਾਗਜ਼ਾਂ ਦਾ ਪਲੰਦਾ, ਏਨੀਆਂ ਚੀਜ਼ਾਂ ਬੋਹੜੇ ਤੋਂ ਮੰਗੀਆਂ। ਇਹ ਸਾਰੀਆਂ ਚੀਜ਼ਾਂ ਬੋਹੜੇ ਨੇ ਕੁਝ ਦਿਨਾਂ ਵਿਚ ਤਿਆਰ ਕਰ ਕੇ ਲਿਆ ਦਿੱਤੀਆਂ। ਤਾਂ ਭਾਈ ਬਿਧੀ ਚੰਦ ਨੇ ਭੇਸ ਇਸ ਤਰ੍ਹਾਂ ਵਟਾਇਆ—

## ਕਲੀ

1. *ਜਾ ਕੇ ਵਿਚ ਲਾਹੌਰ ਦੇ ਬਿਧੀ ਚੰਦ ਜੀ ਪਹੁੰਚ ਗਿਆ,*
   *ਬੈਠਾ ਬੋਹੜੇ ਦੇ ਘਰ ਭੇਸ ਜਾਵੇ ਬਦਲਾਈ।*
2. *ਚੀਜ਼ਾਂ ਝੱਟ ਲਿਆ ਕੇ ਪੇਸ਼ ਕੀਤੀਆਂ ਬੋਹੜੇ ਨੇ,*
   *ਹੈਸੀ ਬਿਧੀ ਚੰਦ ਨਾਂ ਉਸ ਨੇ ਪੱਗ ਵਟਾਈ।*



3. *ਉਸ ਨੇ ਮੱਥੇ ਦੇ ਵਿਚ ਲਾ ਲਿਆ ਤਿਲਕ ਸੰਧੂਰ ਦਾ,*
   *ਕੋਰੇ ਕਾਗਜ਼ ਉਤੇ ਜਾਂਦਾ ਲੀਕਾਂ ਵਾਹੀ।*
4. *ਗਲ ਵਿਚ ਤਿੰਨ ਤਰ੍ਹਾਂ ਦੀਆਂ ਤਿੰਨ ਪੁਸ਼ਾਕਾਂ ਪਾ ਲਈਆਂ,*
   *ਦੋ ਸੀ ਉੱਚੀਆਂ ਤੇ ਇਕ ਨੀਵੀਂ ਬਹੁਤ ਰਖਾਈ।*
5. *ਸਿਰ ਤੇ ਤੀਹਾਂ ਗਜ਼ਾਂ ਦੀ ਪੱਗ ਬੱਧੀ ਸੀ ਮਲਮਲ ਦੀ,*
   *ਮਾਇਆ ਲਾ ਕੇ ਹੈਸੀ ਉਸਨੇ ਬਹੁਤ ਫਲਾਈ।*
6. *ਪਰਨਾ ਚਿੱਟੇ ਰੰਗ ਦਾ ਗਲ ਦੇ ਵਿਚ ਲਮਕਾ ਲਿਆ,*
   *ਤਿੱਲੇਦਾਰ ਜੁੱਤੀ ਸੀ ਪੈਰਾਂ ਦੇ ਵਿਚ ਪਾਈ।*
7. *ਸੱਜੇ ਹੱਥ ਦੇ ਵਿਚ ਸੀ ਪੱਤਰੀ ਵੇਖਣ ਵਾਸਤੇ,*
   *ਖੱਬੇ ਮੋਢੇ ਉਤੇ ਸੰਗਲੀ ਸੀ ਲਮਕਾਈ।*
8. *ਬੋਹੜਾ ਦੰਗ ਰਹਿ ਗਿਆ ਭੇਸ ਬਦਲਿਆ ਵੇਖ ਕੇ,*
   *ਕਹਿੰਦਾ ਧੰਨ ਧੰਨ ਤੇਰੀ ਸਿੱਖਾ ਇਹ ਕਮਾਈ।*
9. *ਤੈਨੂੰ ਬਹੁਤ ਤਰੀਕੇ ਆਪ ਦੱਸੇ ਨੇ ਕੁਦਰਤ ਨੇ,*
   *ਮਾੜੀ ਹੁੰਦੀ ਕਰਨੀ ਮੂੰਹ ਤੇ ਉਂਜ ਵਡਿਆਈ।*
10. *ਤੇਰੀ ਸਿਆਣ ਨਹੀਂ ਔਣੀ ਜ਼ਰਾ ਜਿੰਨੀ ਵੀ ਮੁਗਲਾਂ,*
    *ਮੇਰੀ ਨਿਗ੍ਹਾ ਭੁਲੇਖਾ ਜਾਂਦੀ ਮਿੱਤਰਾ ਖਾਈ।*
11. *ਧਿਆ ਕੇ ਸਤਿਗੁਰੂ ਜੀ ਨੂੰ ਤੁਰ ਪਿਆ ਵਲ ਬਜ਼ਾਰ ਦੇ,*
    *ਆਪਣੇ ਸੇਵਕ ਦੇ ਤੂੰ ਹਰਦਮ ਰਹੀਂ ਸਹਾਈ।*
12. *ਚੌਦਾਂ ਵਿੱਦਿਆ ਦਾ ਮੈਂ ਜਾਣੂ ਪੰਡਤ ਆ ਗਿਆ,*
    *ਆ ਕੇ ਵਿਚ ਬਜ਼ਾਰ ਦੇ ਕਰਦਾ ਹੈ ਸੁਣਵਾਈ।*
13. *ਬੰਦਾ ਕੀ ਸੀ ਕਿਥੋਂ ਆਇਆ ਜਾਣਾ ਕਿੱਧਰ ਨੂੰ,*
    *ਤਿੰਨਾਂ ਜਨਮਾਂ ਦੀ ਮੈਂ ਜਾਵਾਂ ਖਬਰ ਬਤਾਈ।*
14. *ਚੀਜ਼ ਗਵਾਚੀ ਹੋਈ ਦੱਸਦਾ ਵਿਚ ਸਕਿੰਟਾਂ ਦੇ,*
    *ਕਿਹੜੇ ਘੜੀ ਚੋਰ ਨੇ ਕਿੱਥੇ ਜਾ ਲੁਕਾਈ।*
15. *ਮੰਤਰ ਪੜ੍ਹ ਪੜ੍ਹ ਫੂਕਾਂ ਛਿਲੇ ਕੱਟੇ ਮੈਂ ਭੈਰੋਂ ਦੇ,*
    *ਉਡਦੇ ਵਿਚ ਅਕਾਸ਼ ਦੇ ਜਾਵਾਂ ਧਰਤ ਗਰਾਈ।*
16. *ਪੁਛਾਂ ਪੁਛਣ ਬਦਲੇ ਮਾਈਆਂ ਆਵਣ ਸ਼ਹਿਰ ਦੀਆਂ।*
    *ਜਾਂਦਾ ਉਂਗਲਾਂ ਉੱਤੇ ਸਭਨਾਂ ਤਾਈਂ ਟਪਾਈ।*
17. *ਜਾ ਕੇ ਕੋਲ ਕਿਲ੍ਹੇ ਦੇ ਬੈਠ ਗਿਆ ਜਰਨੈਲ ਸਿੰਹਾਂ,*
    *ਛੇਵੇਂ ਗੁਰ ਨੂੰ ਜਾਂਦਾ ਹਿਰਦੇ ਵਿਚ ਧਿਆਈ।*

ਬਿਧੀ ਚੰਦ ਜੋਤਸ਼ੀ ਦਾ ਭੇਸ ਧਾਰ ਕੇ ਬਾਹਰ ਬਜ਼ਾਰ ਵਿਚ ਨਿਕਲਿਆ ਤੇ ਉਸ ਉੱਚੀ ਅਵਾਜ਼ ਵਿਚ ਹੋਕਾ ਦਿੱਤਾ ਮੈਂ ਗੰਗਾ ਰਾਮ ਪੰਡਤ ਆਪਣੀ ਵਿਦਿਆ

ਦਾ ਕ੍ਰਿਸ਼ਮਾ ਵਿਖਾਉਣ ਲਈ ਲਾਹੌਰ ਵਿਚ ਆਇਆ ਹਾਂ । ਜੇ ਕਿਸੇ ਨੂੰ ਭੂਤ ਚਿੰਬੜੇ ਹੋਣ ਮੈਂ ਦੱਸਾਂਗਾ, ਜੇ ਕਿਸੇ ਦਾ ਪ੍ਰਦੇਸ ਗਿਆ ਨਾ ਪਰਤਿਆ ਹੋਵੇ ਮੈਂ ਦੱਸਾਂਗਾ । ਭੂਤ ਭਵਿਖ ਵਰਤਮਾਨ ਤੀਨ ਕਾਲ ਦੀ ਖਬਰ ਦੱਸਾਂਗਾ । ਜੇ ਕਿਸੇ ਦੇ ਘਰ ਚੋਰੀ ਹੋ ਗਈ ਹੋਵੇ ਮੈਂ ਚੋਰ ਦੱਸ ਦੇਵਾਂਗਾ । ਇਹ ਖਬਰ ਜੰਗਲ ਦੀ ਅੱਗ ਤਰ੍ਹਾਂ ਸਾਰੇ ਸ਼ਹਿਰ ਵਿਚ ਫੈਲ ਗਈ । ਕਿਸੇ ਨੌਕਰ ਨੇ ਜਾ ਕੇ ਸੌਂਧੇ ਖਾਂ ਨੂੰ ਦੱਸਿਆ ਤਾਂ ਉਹ ਆਪ ਚੱਲ ਕੇ ਪੰਡਤ ਦੇ ਕੋਲ ਆਣ ਕੇ ਕਹਿਣ ਲੱਗਾ ਪੰਡਤ ਜੀ ਸਾਡਾ ਘੋੜਾ ਚੋਰੀ ਹੋ ਗਿਆ ਹੈ ਕੀ ਦੱਸੋਗੇ ? ਬਿਧੀ ਚੰਦ ਨੇ ਕਿਹਾ ਜ਼ਰੂਰ ਦੱਸਾਂਗੇ ਜੇ ਇਨਾਮ ਸਾਨੂੰ ਪੂਰਾ ਦਿਉਗੇ । ਸੌਂਧੇ ਖਾਨ ਨੇ ਕਿਹਾ ਚਾਰ ਲੱਖ ਇਨਾਮ ਮਿਲੇਗਾ। ਬਿਧੀ ਚੰਦ ਨੇ ਕਿਹਾ ਜਿਥੇ ਘੋੜਾ ਚੋਰੀ ਹੋਇਆ ਹੈ ਉਹ ਥਾਂ ਸਾਨੂੰ ਵਿਖਾਇਆ ਜਾਵੇ । ਸੌਂਧੇ ਖਾਨ ਨੇ ਬਾਦਸ਼ਾਹ ਨਾਲ ਸਲਾਹ ਕਰਕੇ ਬਿਧੀ ਚੰਦ ਨੂੰ ਕਿਲ੍ਹੇ ਵਿਚ ਸੱਦ ਲਿਆ । ਹੁਣ ਬਿਧੀ ਚੰਦ ਜੀ ਕਿਵੇਂ ਮੁਗਲਾਂ ਨੂੰ ਬੁਧੂ ਬਣਾ ਰਹੇ ਨੇ ਸੁਣੋ-

## ਦਵੱਈਆ ਛੰਦ

1. *ਬਿਧੀ ਚੰਦ ਕਹੇ ਸੁਣ ਓਏ ਰਾਜਾ,*
*ਸੱਚੇ ਟੇਵੇ ਲਾਵਾਂ ।*
*ਜੋ ਮੇਰੇ ਸਮਝਣ ਵਿਚ ਆਵੇ,*
*ਤੈਨੂੰ ਖੋਹਲ ਸੁਣਾਵਾਂ ।*
*ਗੱਲ ਨਾ ਮੇਰੀ ਝੂਠ ਸਮਝਿਓ,*
*ਵੇਖ ਲਵੋ ਅਜ਼ਮਾ ਕੇ ।*
*ਸੁਣ ਰਾਜਾ ਜੀ ਘੋੜਾ ਤੇਰਾ,*
*ਲੈ ਗਿਆ ਘਾਈ ਚੁਰਾ ਕੇ ।*

2. *ਤੇਰੇ ਘੋੜਿਆਂ ਤਾਈਂ ਉਹ ਬੰਦਾ,*
*ਘਾਹ ਰਿਹਾ ਈ ਪੌਂਦਾ ।*
*ਫੇਰ ਖਰਖਰਾ ਮਾਲਸ਼ ਕਰਕੇ,*
*ਦੋਵੇਂ ਰਿਹਾ ਨਹੌਂਦਾ ।*
*ਰਾਤ ਨੂੰ ਕੋਲ ਇਹਨਾਂ ਦੇ ਸੌਂਦਾ,*
*ਰਿਹਾ ਈ ਮੰਜਾ ਡਾਹ ਕੇ ।*
*ਸੁਣ ਰਾਜਾ ਜੀ ਘੋੜਾ ਤੇਰਾ,*
*ਲੈ ਗਿਆ......*

3. *ਨਾਮ ਕਸੇਰਾ ਨੌਕਰ ਤੇਰਾ,*
*ਕੋਲ ਤੇਰੇ ਰਿਹਾ ਰਹਿੰਦਾ ।*
*ਤੀਹ ਰੁਪਈਏ ਇਕ ਮਹੀਨਾ,*
*ਤੁਹਾਥੋਂ ਰਿਹਾ ਜੇ ਲੈਂਦਾ ।*



*ਮਗਰੋਂ ਕੀਤਾ ਉਸ ਨੇ ਧੋਖਾ,*
*ਪਹਿਲਾਂ ਪਿਆਰ ਵਧਾ ਕੇ ।*
*ਸੁਣ ਰਾਜਾ ਜੀ.....*

4. *ਇਕ ਹਜ਼ਾਰ ਰੁਪਿਆ ਉਸ ਨੇ,*
*ਇਨਾਮ ਲਿਆ ਹੈ ਤੁਹਾਥੋਂ ।*
*ਪਰ ਉਹ ਦੇ ਗਿਆ ਸੌਂਧੇ ਖਾਂ ਨੂੰ,*
*ਸੱਚ ਪੁਛੋ ਜੇ ਸਾਥੋਂ ।*
*ਅਸਲ ਵਿਚ ਸੌਂਧੇ ਖਾਂ ਨੂੰ,*
*ਉੱਲੂ ਗਿਆ ਬਣਾ ਕੇ ।*
*ਸੁਣ ਰਾਜਾ ਜੀ ਘੋੜਾ ਤੇਰਾ,*
*ਲੈ ਗਿਆ.....*

5. *ਫੇਰ ਸੁੱਟਦਾ ਉਤਾਂਹ ਨੂੰ ਸੰਗਲੀ,*
*ਸੁੰਘ ਘੋੜੇ ਦੀਆਂ ਖੁਰੀਆਂ ।*
*ਸੁਣ ਰਾਜਾ ਜੀ ਹੋਰ ਵੀ ਦੱਸਾਂ,*
*ਜੋ ਹੁਣ ਗੱਲਾਂ ਫੁਰੀਆਂ ।*
*ਕੈਦ ਕਰੇ ਉਸ ਨੌਕਰ ਤੇਰੇ,*
*ਬਾਹਰੋਂ ਜਿੰਦਰੇ ਲਾ ਕੇ ।*
*ਸੁਣ ਰਾਜਾ ਜੀ ਘੋੜਾ ਤੇਰਾ,*
*ਲੈ ਗਿਆ.....*

6. *ਉਸ ਦਿਨ ਵਿਚ ਕਿਲ੍ਹੇ ਦੇ ਰਾਜਾ,*
*ਖੁਸ਼ੀ ਕੋਈ ਇਹਨਾਂ ਕੀਤੀ ।*
*ਚੋਰ ਤੇਰੇ ਦੇ ਹਥੋਂ ਇਹਨਾਂ,*
*ਹੈਸੀ ਰਜਵੀਂ ਪੀਤੀ ।*
*ਸ਼ਰਾਬ ਕੀ ਸਮਝੋ ਜ਼ਹਿਰ ਇਹਨਾਂ ਨੂੰ,*
*ਹੱਥੀ ਗਿਆ ਪਿਆ ਕੇ ।*
*ਸੁਣ ਰਾਜਾ ਜੀ ਘੋੜਾ ਤੇਰਾ,*
*ਲੈ ਗਿਆ.....*

7. *ਉਹੋ ਟਾਇਮ ਤੇ ਉਹੋ ਵੇਲਾ ਹੋ ਲੈਣ ਦਿਉ ਹਨੇਰਾ ।*
*ਤਾਰਿਆਂ ਤੋਂ ਕੁਝ ਪਤਾ ਕਰਾਂਗੇ,*
*ਚੋਰ ਕਿਧਰ ਗਿਆ ਤੇਰਾ ।*
*ਜਰਨੈਲ ਸਿੰਘਾ ਹੁਣ ਚੋਰ ਤੇਰਾ ਮੈਂ,*
*ਤੈਨੂੰ ਜਾਊਂ ਵਿਖਾ ਕੇ ।*

*ਸੁਣ ਰਾਜਾ ਜੀ ਘੋੜਾ ਤੇਰਾ,*
*ਲੈ ਗਿਆ.....*

ਪੰਡਤ ਦੀਆਂ ਖਰੀਆਂ ਗੱਲਾਂ ਸੁਣ ਕੇ ਬਾਦਸ਼ਾਹ ਸ਼ਾਹ ਜਹਾਨ ਬੜਾ ਖੁਸ਼ ਹੋਇਆ ਤੇ ਕਹਿਣ ਲੱਗਾ ਤੂੰ ਬਿਲਕੁਲ ਸੱਚ ਦੱਸ ਰਿਹਾ ਹੈਂ, ਇਸ ਲਈ ਜਲਦੀ ਦੱਸ ਚੋਰ ਕਿਥੇ ਹੈ ? ਤਾਂ ਬਿਧੀ ਚੰਦ ਨੇ ਕਿਹਾ ਕਿ ਜਦੋਂ ਘੋੜਾ ਚੋਰੀ ਹੋਇਆ ਓਦੋਂ ਅੱਧੀ ਰਾਤ ਦਾ ਟਾਇਮ ਸੀ, ਕਿਲ੍ਹੇ ਵਿਚ ਚੁਪ ਵਰਤੀ ਹੋਈ ਸੀ, ਇਸ ਲਈ ਸਾਰੇ ਨੌਕਰਾਂ ਨੂੰ ਅੰਦਰ ਦੇ ਕੇ ਕੁੰਜੀਆਂ ਮੇਰੇ ਕਬਜ਼ੇ ਕਰ ਦਿਉ, ਇਸ ਘੋੜੇ ਉੱਤੇ ਵੀ ਕਾਠੀ ਪਾ ਦਿਉ ਤੇ ਤੁਸੀ ਸੰਮਣ ਬੁਰਜ ਉਤੇ ਚੜ੍ਹ ਕੇ ਵੇਖਣਾ ਜਦੋਂ ਅੱਧੀ ਰਾਤ ਦਾ ਵੇਲਾ ਹੋਵੇਗਾ ਮੈਂ ਸਭ ਕੁਝ ਦੱਸ ਦੇਵਾਂਗਾ । ਸ਼ਾਹ ਜਹਾਨ ਐਸਾ ਬੁਧੂ ਬਣ ਗਿਆ, ਉਸ ਨੇ ਘੋੜੇ ਤੇ ਕਾਠੀ ਵੀ ਪੁਵਾ ਦਿਤੀ ਤੇ ਨੌਕਰ ਸਾਰੇ ਅੰਦਰ ਦੇ ਦਿਤੇ, ਕੁੰਜੀਆਂ ਬਿਧੀ ਚੰਦ ਦੇ ਹਵਾਲੇ ਕਰ ਦਿਤੀਆਂ ਤੇ ਆਪ ਸੰਮਣ ਬੁਰਜ ਤੇ ਚੜ੍ਹ ਕੇ ਵੇਖਣ ਲੱਗਾ । ਜਦੋਂ ਅੱਧੀ ਰਾਤ ਦਾ ਵੇਲਾ ਹੋਇਆ ਤਾਂ ਭਾਈ ਬਿਧੀ ਚੰਦ ਨੇ ਲਲਕਾਰ ਕੇ ਕਿਹਾ ਬਾਦਸ਼ਾਹ ਤੇਰੇ ਘੋੜਿਆਂ ਦਾ ਚੋਰ ਤੇਰੀਆਂ ਅੱਖਾਂ ਦੇ ਸਾਹਮਣੇ ਹੈ ਜ਼ਰਾ ਦਰਸ਼ਨ ਕਰ ਲੈ—

### ਕੋਰੜਾ ਛੰਦ

1. *ਹੋ ਗਿਆ ਸੀ ਵੇਲਾ ਜਦੋਂ ਅੱਧੀ ਰਾਤ ਦਾ ।*
*ਸ਼ੇਰ ਵਾਂਗੂੰ ਬੁਕ ਕੇ ਤੇ ਸ਼ੇਰ ਆਖਦਾ ।*
*ਲੱਗਦਾ ਲਗਾ ਲੈ ਜਿਹੜਾ ਜ਼ੋਰ ਰਾਜਿਆ ।*
*ਮੈਂ ਹਾਂ ਤੇਰੇ ਘੋੜਿਆਂ ਦਾ ਚੋਰ ਰਾਜਿਆ ।*

2. *ਸੂਰਮੇ ਨਹੀਂ ਜਾਂਦੇ ਕਦੇ ਚੋਰੀ ਨੱਸ ਕੇ ।*
*ਜਾਣ ਲੱਗਾ ਚੱਲਿਆ ਹਾਂ ਤਦੇ ਦੱਸ ਕੇ ।*
*ਸਮਝੀਂ ਨਾ ਮੈਨੂੰ ਕਿਤੇ ਹੋਰ ਰਾਜਿਆ । ਮੈਂ ਹਾਂ.......*

3. *ਮੈਨੂੰ ਬੜਾ ਢੰਗ ਭੇਸ ਬਦਲਾਣ ਦਾ ।*
*ਬਿਧੀ ਚੰਦ ਨਾਮ ਤੇ ਜਹਾਨ ਜਾਣਦਾ ।*
*ਜੱਗ ਤੋਂ ਨਿਆਰੀ ਮੇਰੀ ਤੋਰ ਰਾਜਿਆ । ਮੈਂ ਹਾਂ.......*

4. *ਘੋੜੇ ਤੁਸੀ ਖੋਹੇ ਸੀ ਕਰੋੜੀ ਮੱਲ ਤੋਂ ।*
*ਲੁਟਦਾ ਸਿੱਖਾਂ ਨੂੰ ਦੱਸ ਕਿਹੜੀ ਗੱਲ ਤੋਂ ।*
*ਦੇਸ਼ 'ਚ ਮਚਾਇਆ ਤੁਸੀਂ ਸ਼ੋਰ ਰਾਜਿਆ । ਮੈਂ ਹਾਂ.......*

5. *ਪਹਿਲਾ ਘੋੜਾ ਘਾਈ ਬਣ ਕੇ ਮੈਂ ਖੜਿਆ ।*
*ਦੂਸਰੇ ਦੇ ਉੱਤੇ ਮੈ ਬੈਠਾ ਹਾਂ ਚੜ੍ਹਿਆ ।*
*ਚੱਲਿਆ ਬਣਾ ਕੇ ਤੈਨੂੰ ਢੋਰ ਰਾਜਿਆ । ਮੈਂ ਹਾਂ ਤੇਰੇ.......*



6. *ਅੱਗੇ ਵਾਂਗੂੰ ਲਾ ਕੇ ਚੱਲਿਆ ਹਾਂ ਜੰਦਰੇ ।*
*ਢੰਗ ਨਾਂ ਦੁਵਾਇਆ ਮੋਮਨਾਂ ਨੂੰ ਅੰਦਰੇ ।*
*ਝੂਰਦਾ ਰਹੁ ਝੂਰੇ ਜੈਸੇ ਮੋਰ ਰਾਜਿਆ । ਮੈਂ ਹਾਂ ਤੇਰੇ.......*

7. *ਹੁਣ ਕਾਹਨੂੰ ਬਹੁਤੀਆਂ ਲਗਾਵਾਂ ਦੇਰੀਆਂ ।*
*ਭਾਈ ਰੂਪੇ ਹੁੰਦੀਆਂ ਉਡੀਕਾਂ ਮੇਰੀਆਂ ।*
*ਜੈਸੇ ਡੀਕੇ ਚੰਦ ਨੂੰ ਚਕੋਰ ਰਾਜਿਆ । ਮੈਂ ਹਾਂ ਤੇਰੇ.......*

8. *ਏਨੀ ਕਹਿ ਕੇ ਘੋੜਾ ਜ਼ੋਰ ਦੀ ਭਜਾ ਦਿਤਾ ।*
*ਰਾਵੀ ਵਾਲੇ ਪਾਸੇ ਕੰਧ ਤੋਂ ਟਪਾ ਦਿੱਤਾ ।*
*ਸੱਚੇ ਜਰਨੈਲ ਦੇ ਨੇ ਲੋਰ ਰਾਜਿਆ । ਮੈਂ ਹਾਂ ਤੇਰੇ.......*

*

## ਪ੍ਰਸੰਗ

# ਭਾਈ ਦੇਵੀ ਚੰਦ ਦਾ ਸਿਦਕ

ਜਿਸ ਵੇਲੇ ਔਰੰਗਜ਼ੇਬ ਨੇ ਹਿੰਦੋਸਤਾਨ ਦੇ ਹਿੰਦੂਆਂ ਨੂੰ ਖਤਮ ਕਰਨ ਦਾ ਐਲਾਨ ਕਰ ਦਿਤਾ ਤੇ ਉਸ ਨੇ ਐਲਾਨ ਕੀਤਾ ਕੋਈ ਢੋਲਕੀ ਚਿਮਟੇ ਨਾਲ ਕੀਰਤਨ ਨਹੀਂ ਕਰ ਸਕੇਗਾ, ਕੋਈ ਹਿੰਦੂ ਰੇਸ਼ਮੀ ਕਪੜਾ ਨਹੀਂ ਪਹਿਨ ਸਕਦਾ, ਕੋਈ ਮੁਗਲਾਂ ਤੋਂ ਬਿਨਾਂ ਘੋੜੇ ਦੀ ਅਸਵਾਰੀ ਨਹੀਂ ਕਰੇਗਾ, ਕੋਈ ਕਲਗੀ ਨਹੀਂ ਲਾ ਸਕਦਾ। ਕੋਈ ਗੀਤਾ ਨਹੀਂ ਪੜ੍ਹ ਸਕਦਾ, ਕੋਈ ਮੰਦਰ ਨਹੀਂ ਰਹਿਣ ਦਿਤਾ ਜਾਵੇਗਾ। ਥਾਂ-ਥਾਂ ਮਸੀਤਾਂ ਉਸਾਰ ਦਿਤੀਆਂ ਜਾਣਗੀਆਂ। ਮਥਰਾ ਵਿਚੋਂ ਭਗਵਾਨ ਕ੍ਰਿਸ਼ਨ ਦਾ ਜਨਮ ਅਸਥਾਨ ਢਾਹ ਕੇ ਉਥੇ ਮਸੀਤ ਬਣਾ ਦਿਤੀ ਅਤੇ ਮਥਰਾ ਦਾ ਨਾਮ ਅਸਲਾਮਾਬਾਦ ਰਖਿਆ। ਉਸ ਵੇਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਵਿਚ ਨਿਸ਼ਾਨੇ ਝੁਲਾ ਦਿੱਤੇ ਅਤੇ ਢੋਲਕੀ ਦੀ ਥਾਂ ਰਣਜੀਤ ਨਗਾਰਾ ਤਿਆਰ ਕੀਤਾ। ਗੁਰੂ ਜੀ ਆਪਣੇ ਜੋਧਿਆਂ ਨੂੰ ਰੋਜ਼ ਜੰਗੀ ਟਰੇਨਿੰਗ ਦਿੰਦੇ, ਰੋਜ ਧੌਂਸੇ ਤੇ ਚੋਟਾਂ ਮਾਰ ਕੇ ਸ਼ਿਕਾਰ ਨੂੰ ਚੜ੍ਹਦੇ ਤੇ ਅਕਾਲ ਅਕਾਲ ਦੇ ਜੈਕਾਰਿਆਂ ਨਾਲ ਅਸਮਾਨ ਗੂੰਜ ਉਠਦਾ। ਗੁਰੂ ਕਲਗੀਆਂ ਵਾਲੇ ਦੀ ਚੜ੍ਹਤ ਵੇਖ ਕੇ ਬਾਈਧਾਰ ਦੇ ਰਾਜੇ ਤੜਫ ਉਠੇ। ਰਾਜੇ ਭੀਮ ਚੰਦ ਨੂੰ ਇਹ ਖ਼ਤਰਾ ਸੀ ਕਿ ਗੁਰੂ ਗੋਬਿੰਦ ਸਿੰਘ ਮੇਰੀ ਰਾਜਧਾਨੀ ਉਤੇ ਕਬਜ਼ਾ ਕਰ ਲਵੇਗਾ। ਉਸ ਨੇ ਆਪਣੇ ਦਿਲ ਦਾ ਡਰ ਇਉਂ ਜ਼ਾਹਰ ਕੀਤਾ—

### ਪਉੜੀ

1. ਭੀਮ ਚੰਦ ਨੇ ਆਖਿਆ,
ਸੁਣ ਦੇਵੀ ਚੰਦਾ।
ਇਰਾਦਾ ਮੈਨੂੰ ਜਾਪਦਾ,
ਸਤਿਗੁਰ ਦਾ ਮੰਦਾ।
ਧੌਂਸੇ ਮੇਰੀ ਜੂਹ ਵਿਚ,
ਫਿਰਦਾ ਖੜਕੇਂਦਾ।
ਕਬਜ਼ਾ ਮੇਰੇ ਰਾਜ ਤੇ,
ਗੁਰੂ ਕਰਨਾ ਚੰਹਦਾ।

2. ਕੰਬਣ ਮੇਰੀ ਤੇਗ ਤੋਂ,
ਦੁਨੀਆਂ ਦੇ ਰਾਜੇ।
ਆਕੀ ਹੋਗੇ ਜਾਪਦੇ,
ਜੱਟ ਸਿੱਧੇ ਸਾਧੇ।
ਬਾਦਸ਼ਾਹਾਂ ਦੇ ਵਾਂਗ ਹੈ,
ਸਿਰ ਛੱਤਰ ਝੁਲੌਂਦਾ।
ਕਬਜ਼ਾ ਮੇਰੇ ਰਾਜ ਤੇ,
ਗੁਰ ਕਰਨਾ......

3. ਸੂਹੀਏ ਮੈਨੂੰ ਦੱਸਤੀ,
ਆ ਕੇ ਗੱਲ ਸਾਰੀ।
ਕਲਗੀਧਰ ਦੀ ਫੌਜ ਦੀ ਹੈ,
ਗਿਣਤੀ ਭਾਰੀ।
ਕਰਤਵ ਜੰਗੀ ਢੰਗ ਦੇ,
ਨਿਤ ਨਵੇਂ ਸਖੌਂਦਾ।
ਕਬਜ਼ਾ ਮੇਰੇ.......

4. ਉਸਨੇ ਮੇਰੀ ਹਿੱਕ ਤੇ,
ਆ ਕਿਲ੍ਹਾ ਬਣਾਇਆ।
ਹੱਥ ਸ਼ੇਰ ਦੀ ਮੁੱਛ ਨੂੰ,
ਗਿੱਦੜਾਂ ਨੇ ਪਾਇਆ।
ਜਾਪੇ ਆਪਣੀ ਅਜ਼ਲ ਨੂੰ,
ਉਹ ਆਪ ਬੁਲੌਂਦਾ।
ਕਬਜ਼ਾ ਮੇਰੇ......

5. ਮੌਤ ਆਵੇ ਜਦ ਸੱਪ ਦੀ,
ਰਾਹ ਮੱਲ ਕੇ ਬਹਿੰਦਾ।
ਖੋਹਣਾ ਮੇਰੇ ਰਾਜ ਨੂੰ,
ਨਿਤ ਸੁਫਨੇ ਲੈਂਦਾ।
ਗੱਲੀਂ-ਬਾਤੀਂ ਫਿਰੇ ਉਹ,
ਦਿੱਲੀ ਨੂੰ ਢੌਂਦਾ।
ਕਬਜ਼ਾ ਮੇਰੇ.......

6. ਕੱਠੇ ਕਰਲੇ ਉਸ ਨੇ,
ਜੱਟ ਛੀਂਬੇ ਨਾਈ।
ਲੜਨਾ ਮੂਲ ਨਾ ਜਾਣਦੇ,
ਜੋ ਕਰਦੇ ਵਾਹੀ।

ਰਾਜ ਕਰੇਗਾ ਖਾਲਸਾ,
ਨਿਤ ਨਾਹਰੇ ਲੈਂਦਾ। ਕਬਜ਼ਾ ਮੇਰੇ........

7. ਭੂਏ ਚੜ੍ਹ ਗਿਆ ਬਹੁਤ ਜੇ,
ਫਿਰ ਕਰੂਗਾ ਔਖਾ।
ਹੁਣੇ ਦਬਾਈਏ ਉਸ ਨੂੰ,
ਵਿੱਲ ਦਾ ਨਹੀ ਮੌਕਾ।
ਹੱਥਾਂ ਬਾਝ ਕਰਾਰਿਆਂ,
ਵੈਰੀ ਸੂਤ ਨਹੀਂ ਔਂਦਾ। ਕਬਜ਼ਾ ਮੇਰੇ........

8. ਬੋਲੀ ਜਾਂਦਾ ਜੋਸ਼ ਵਿਚ,
ਭੀਮਾਂ ਹੰਕਾਰੀ।
ਦੇਵੀ ਚੰਦ ਨੇ ਉੱਠ ਕੇ,
ਫਿਰ ਅਰਜ਼ ਗੁਜ਼ਾਰੀ।
ਹਰਿ ਦੇ ਦਰ ਜਰਨੈਲ ਸਿੰਹਾਂ,
ਹੰਕਾਰ ਨਹੀਂ ਭੌਂਦਾ।
ਕਬਜ਼ਾ ਮੇਰੇ.......

ਜਦੋਂ ਭੀਮ ਚੰਦ ਰਾਜੇ ਨੇ ਬਹੁਤ ਰਾਜਿਆਂ ਵਿਚ ਗੁਰੂ ਜੀ ਦੇ ਖਿਲਾਫ਼ ਤਕਰੀਰ ਕੀਤੀ ਤਾਂ ਭਾਈ ਦੇਵੀ ਚੰਦ ਵਜ਼ੀਰ ਨੇ ਨੇਕ ਸੁਲਾਹ ਦਿਤੀ ਕਿ ਗੁਰੂ ਗੋਬਿੰਦ ਸਿੰਘ ਦਾ ਕਿਸੇ ਵੀ ਮਜ਼੍ਹਬ ਦੇ ਨਾਲ ਕੋਈ ਵੈਰ ਨਹੀਂ ਹੈ, ਉਹ ਤਾਂ ਅਕਾਲ ਪੁਰਖ ਦੇ ਹੁਕਮ ਅਨੁਸਾਰ ਮਾਤ-ਲੋਕ ਵਿਚੋਂ ਜ਼ੁਲਮ ਦਾ ਨਾਸ਼ ਕਰਨ ਲਈ ਆਏ ਹਨ। ਉਹਨਾਂ ਨੇ ਤਾਂ ਹਿੰਦੂ ਧਰਮ ਦੀ ਖ਼ਾਤਰ ਆਪਣਾ ਪਿਤਾ ਵੀ ਕੁਰਬਾਨ ਕਰ ਦਿਤਾ ਹੈ। ਉਹ ਗੁਰੂ ਤਾਂ ਉਸ ਮਹਾਂਬਲੀ ਦਾਦੇ ਸ੍ਰੀ ਹਰਿਗੋਬਿੰਦ ਸਾਹਿਬ ਦਾ ਪੋਤਰਾ ਹੈ ਜਿਸ ਨੇ ਤੇਰੇ ਵੱਡ-ਵਡੇਰੇ ਬਵਿੰਜਾ ਰਾਜੇ ਗਵਾਲੀਅਰ ਦੀ ਕੈਦ 'ਚੋਂ ਛੁਡਵਾ ਕੇ ਲਿਆਂਦੇ ਸੀ। ਉਹ ਤਾਂ ਆਪਣੇ ਪੂਜਣ-ਜੋਗ ਨੂੰ ਯਾਦ ਰੱਖੀਂ, ਜੇ ਤੂੰ ਉਸ ਤੇ ਚੜ੍ਹ ਕੇ ਜਾਵੇਂਗਾ ਤਾਂ ਜਿੱਤ ਕੇ ਨਹੀਂ ਆਵੇਂਗਾ। ਜਿਵੇਂ ਭਾਈ ਦੇਵੀ ਚੰਦ ਰਾਜੇ ਨੂੰ ਏਸ ਲੜਾਈ ਤੋਂ ਵਰਜਦਾ ਹੈ ਇਉਂ ਬਿਆਨ ਹੈ—

### ਤਰਜ਼ ਜੁਗਨੀ

1. ਕਿਹਾ ਦੇਵੀ ਚੰਦ ਨੇ ਸੁਣ ਰਾਜਾ,
ਤੂੰ ਭੁਲ ਗਿਆ ਕੀਤੇ ਗੁਣ ਰਾਜਾ,
ਗੱਲ ਨਾਲ ਅਕਲ ਦੇ ਪੁਣ ਰਾਜਾ,
ਉਲਟੇ ਰਾਹ ਪਾਈਏ ਪੈਰ ਨਹੀਂ।
ਗੁਰੂ ਆਇਆ ਜ਼ੁਲਮ ਮਿਟੌਣ ਲਈ,
ਉਹਦਾ ਨਾਲ ਕਿਸੇ ਦੇ ਵੈਰ ਨਹੀਂ।



2. ਉਹ ਰੂਪ ਅਲਾਹੀ ਆਇਆ ਏ,
ਈਸ਼ਵਰ ਨੇ ਆਪ ਅਲਾਇਆ ਏ,
ਉਸ ਦੁਖੀ ਦਾ ਦਰਦ ਵੰਡਾਇਆ ਏ,
ਕਹਿ ਪਾਪੀ ਨੂੰ ਮੂੰਹ ਲਾਣਾ ਨਹੀਂ।
ਤੂੰ ਆਪਣੀ ਜਾਨ ਗਵਾਈਂ ਨਾ,
ਗੁਰ ਤੈਥੋਂ ਜਿੱਤਿਆ ਜਾਣਾ ਨਹੀਂ।

3. ਰੋਕਣ ਲਈ ਜ਼ੁਲਮੋਂ ਜਾਬਰ ਨੂੰ,
ਦਿੱਲੀ ਵਾਰਿਆ ਪਿਤਾ ਬਹਾਦਰ ਨੂੰ,
ਹਿੰਦੂਆਂ ਦੇ ਵੇਖ ਨਿਰਾਦਰ ਨੂੰ,
ਦਿਲ ਜਰਿਆ ਉਸ ਦੇ ਕਹਿਰ ਨਹੀਂ।
ਗੁਰੂ ਆਇਆ......

4. ਜਦੋਂ ਮੁਗਲਾਂ ਜ਼ੁਲਮ ਕਮਾਏ ਸੀ,
ਤੇਰੇ ਵੱਡੇ ਕੈਦ ਕਰਵਾਏ ਸੀ,
ਉਹਦੇ ਦਾਦੇ ਨੇ ਛੁਡਵਾਏ ਸੀ,
ਤੈਨੂੰ ਚਾਹੀਏ ਅਹਿਸਾਨ ਭੁਲਾਣਾ ਨਹੀਂ।
ਤੂੰ ਆਪਣੀ......

5. ਗੁਰੂ ਘਰ ਦੀ ਇਹ ਮਰਯਾਦਾ ਹੈ,
ਨਾ ਕਰਦੇ ਕਿਸੇ ਤੇ ਵਾਧਾ ਹੈ,
ਗੁਰੂ ਬੀਰ ਬਹਾਦਰ ਜ਼ਿਆਦਾ ਹੈ,
ਕਿਤੇ ਦਿਲ ਦਾ ਸਮਝੀਂ ਕਾਇਰ ਨਹੀਂ।
ਗੁਰੂ ਆਇਆ......

6. ਜਦੋਂ ਮੁਗਲਾਂ ਕੀਤੇ ਵਾਧੇ ਸੀ,
ਤਦ ਏਸ ਗੁਰੂ ਦੇ ਦਾਦੇ ਸੀ,
ਤੇਗਾਂ ਨਾਂ ਤੁਰਕ ਖਰਾਂਦੇ ਸੀ,
ਲੜ ਸਕਦਾ ਤੇਰਾ ਲਾਣਾ ਨਹੀਂ।
ਤੂੰ ਆਪਣੀ......

7. ਉਹ ਦਸਵਾਂ ਗੁਰੂ ਸਦੌਂਦਾ ਏ,
ਗਲ ਸ਼ਰਨ ਪਿਆਂ ਨੂੰ ਲੌਂਦਾ ਏ,
ਜੋ ਚੜ੍ਹ ਕੇ ਉਸ ਤੇ ਔਂਦਾ ਏ,
ਉਹਦੀ ਜਾਨ ਦੀ ਸਮਝ ਖੈਰ ਨਹੀਂ।
ਗੁਰੂ ਆਇਆ......

8. *ਲੈ ਮੰਨ ਜਰਨੈਲ ਦਾ ਕਹਿਣਾ ਤੂੰ,*
*ਜੇ ਸੁਖ ਰਾਜਾ ਜੀ ਲੈਣਾ ਤੂੰ,*
*ਛੱਡ ਨਾਲ ਗੁਰਾਂ ਦੇ ਖਹਿਣਾ ਤੂੰ,*
*ਹੱਥ ਬੀਤਿਆ ਵੇਲਾ ਆਣਾ ਨਹੀਂ ।*
*ਤੂੰ ਆਪਣੀ ਜਾਨ......*

ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਤਰਫ ਆਪਣੇ ਵਜ਼ੀਰ ਦੇ ਮੂੰਹੋਂ ਸੁਣ ਕੇ ਰਾਜੇ ਭੀਮ ਚੰਦ ਨੂੰ ਅੱਗ ਲੱਗ ਉਠੀ । ਉਸ ਨੇ ਕੜਕ ਕੇ ਕਿਹਾ ਨਿਮਕਹਰਾਮਾ ਤਨਖਾਹ ਮੇਰੇ ਤੋਂ, ਸਿਫਤ ਮੇਰੇ ਦੁਸ਼ਮਣ ਦੀ । ਲਾਗੋਂ ਕੇਸਰੀ ਚੰਦ ਨੇ ਬਲਦੀ ਤੇ ਤੇਲ ਪੌਣ ਵਾਲੀ ਗੱਲ ਕੀਤੀ ਕਿ ਐਹੋ ਜਿਹੇ ਗੁਸਤਾਖ ਨੂੰ ਜਾਨੋਂ ਮਾਰ ਦੇਣਾ ਚਾਹੀਦਾ ਹੈ । ਸੋ ਭੀਮ ਚੰਦ ਨੇ ਭਾਈ ਦੇਵੀ ਚੰਦ ਨੂੰ ਕੈਦੀ ਬਣਾ ਲਿਆ ਤੇ ਜੇਹਲ ਵਿਚ ਪਾ ਦਿਤਾ ।

## ਕਾਫੀ ਛੰਦ

1. *ਰਾਜੇ ਆਖਿਆ ਦੇਵੀ ਚੰਦਾ,*
*ਭਾਰਾ ਕਹਿਰ ਕਮਾਇਆ ਤੂੰ ।*
*ਉਹ ਹੈ ਮੇਰੀ ਜਾਨ ਦਾ ਦੁਸ਼ਮਣ,*
*ਜਿਸ ਦੇ ਤੀਕ ਸੁਲਾਹਿਆ ਤੂੰ ।*
*ਵਿਚ ਈਰਖਾ ਸੜ ਕੇ ਰਾਜੇ,*
*ਕਰੜਾ ਹੁਕਮ ਸੁਣਾ ਦਿੱਤਾ ।*
*ਦੇਵੀ ਚੰਦ ਨੂੰ ਮਾਰ ਜ਼ੰਜੀਰਾਂ,*
*ਰਾਜੇ ਕੈਦ ਕਰਵਾ ਦਿੱਤਾ ।*

2. *ਨਿਮਕਹਰਾਮਾ ਮੇਰਾ ਖਾ ਕੇ,*
*ਸਿਫਤ ਗੁਰਾਂ ਦੀ ਕਰਦਾ ਤੂੰ ।*
*ਹੁਣੇ ਵੇਖ ਲਈਂ ਮੇਰੇ ਹੱਥੋਂ,*
*ਕਿਵੇਂ ਕਮੌਤੇ ਮਰਦਾ ਤੂੰ ।*
*ਦੇ ਕੇ ਸਖਤ ਤਸੀਹੇ ਤੈਨੂੰ,*
*ਕੱਲ੍ਹ ਨੂੰ ਜਾਊ ਮਰਵਾ ਦਿੱਤਾ ।*
*ਦੇਵੀ ਚੰਦ ਨੂੰ ਮਾਰ ਜ਼ੰਜੀਰਾਂ,*
*ਰਾਜੇ ਕੈਦ ਕਰਾ ਦਿੱਤਾ ।*

3. *ਫੇਰ ਨਿਬੜੂੰ ਨਾਲ ਗੁਰਾਂ ਦੇ,*
*ਪਹਿਲੋਂ ਤੈਨੂੰ ਮਾਰ ਲਵਾਂ ।*
*ਭਾਂਬੜ ਬਲਦੇ ਦਿਲ ਮੇਰੇ ਵਿਚ,*
*ਖੂਨ ਤੇਰੇ ਨਾਲ ਠਾਰ ਲਵਾਂ ।*



*ਤੂੰ ਤੇ ਮੇਰੇ ਸ਼ਾਹੀ ਰੋਹਬ ਨੂੰ,*
*ਮਿੱਟੀ ਵਿਚ ਮਿਲਾ ਦਿੱਤਾ ।*
*ਦੇਵੀ ਚੰਦ ਨੂੰ......*

4. *ਮੇਰੇ ਰੋਹਬ ਤੋਂ ਦੁਨੀਆ ਕੰਬੇ,*
*ਤੂੰ ਪਰਵਾਹ ਨਾ ਕੀਤੀ ਓਏ ।*
*ਚੇਤੇ ਰੱਖੂ ਸਾਰੀ ਦੁਨੀਆਂ,*
*ਜੋ ਤੇਰੇ ਨਾਲ ਬੀਤੀ ਓਏ ।*
*ਗੱਲ ਕਰੇਂ ਤੂੰ ਕਲਗੀਧਰ ਦੀ,*
*ਮੇਰਾ ਖੌਫ ਭੁਲਾ ਦਿੱਤਾ ।*
*ਦੇਵੀ ਚੰਦ ਨੂੰ ਮਾਰ.....*

5. *ਮਾਫ਼ੀ ਮੰਗ ਲੈ ਜੇਕਰ ਬਚਣਾ,*
*ਫੇਰ ਵੇਲਾ ਹੱਥ ਔਣਾ ਨਹੀਂ ।*
*ਮਰ ਜਾਵੇਂਗਾ ਮੇਰੇ ਹੱਥੋਂ,*
*ਤੈਨੂੰ ਕਿਸੇ ਛੁਡੌਣਾ ਨਹੀਂ ।*
*ਸੂਲੀ ਤੇ ਮਨਸੂਰ ਵਾਂਗਰਾਂ,*
*ਜਾਵੇਂਗਾ ਲਟਕਾ ਦਿੱਤਾ ।*
*ਦੇਵੀ ਚੰਦ......*

6. *ਗੁਰੂ ਤੇ ਮੇਰੇ ਅੱਗੇ ਉੱਕਾ,*
*ਨਹੀਂ ਰਣ ਦੇ ਵਿਚ ਲੜ ਸਕਦਾ ।*
*ਮੇਰੀਆਂ ਫੌਜਾਂ ਅੱਗੇ ਉਸਦਾ,*
*ਕੋਈ ਵੀ ਸਿੱਖ ਨਹੀਂ ਅੜ ਸਕਦਾ ।*
*ਵੱਸਦਾ ਉਸਦਾ ਕਿਲ੍ਹਾ ਅਨੰਦਪੁਰ,*
*ਜਾਊ ਦਿਨਾਂ ਵਿਚ ਢਾਹ ਦਿੱਤਾ ।*
*ਦੇਵੀ ਚੰਦ......*

ਭਾਈ ਦੇਵੀ ਚੰਦ ਨੂੰ ਕੈਦ ਕਰ ਦਿੱਤਾ । ਨਾਲ ਹੀ ਹੁਕਮ ਕੀਤਾ ਤੇਰੀ ਜਾਨ ਤਾਂ ਬਚ ਸਕਦੀ ਹੈ ਜੇ ਫੌਜਾਂ ਲੈ ਕੇ ਗੁਰੂ ਗੋਬਿੰਦ ਸਿੰਘ ਉਤੇ ਚੜ੍ਹਾਈ ਕਰੇਂ । ਇਹ ਕਿਵੇਂ ਹੋ ਸਕਦਾ ਸੀ, ਉਹ ਤਾਂ ਕਲਗੀਆਂ ਵਾਲੇ ਦਾ ਚਰਨ ਭੌਰਾ ਬਣ ਚੁਕਾ ਸੀ । ਉਹ ਬੰਦੀਖਾਨੇ ਵਿਚ ਵੀ ਇਹ ਕਹਿ ਰਿਹਾ ਸੀ ਮੇਰੇ ਸਰੀਰ ਦੀ ਬੋਟੀ-ਬੋਟੀ ਤਾਂ ਹੋ ਸਕਦੀ ਪਰ ਅਨੰਦਪੁਰ ਵਾਲੇ ਪਾਤਸ਼ਾਹ ਤੇ ਚੜ੍ਹ ਕੇ ਨਹੀਂ ਜਾ ਸਕਦਾ । ਉਧਰ ਕੁਝ ਦਿਨ ਦੇਵੀ ਚੰਦ ਨੂੰ ਬੰਦ ਰੱਖਣ ਤੋਂ ਬਾਅਦ ਰਾਜੇ ਨੇ ਦੇਵੀ ਚੰਦ ਨੂੰ ਕਿਹਾ ਜਾਂ ਤਾਂ ਅਨੰਦਪੁਰ ਤੇ ਚੜ੍ਹਾਈ ਕਰ ਦੇ ਨਹੀਂ ਤੇ ਤੈਨੂੰ ਅੱਖਾਂ ਵਿਚ ਕਿੱਲ ਠੋਕ ਕੇ ਮਾਰ ਦੇਵਾਂਗਾ । ਇਕ ਪਾਸੇ ਵਜ਼ੀਰ ਤੇ ਇੱਕ ਪਾਸੇ ਰਾਜਾ ਸਵਾਲ ਤੇ ਜਵਾਬ ਇਉਂ ਕਰਦੇ ਹਨ–

## ਲੰਡੀ ਝੋਕ

1. ਆ ਕੇ ਵਜ਼ੀਰ ਕੋਲੋਂ,
ਗੁੱਸੇ ਵਿਚ ਰਾਜਾ ਬੋਲੇ,
ਸੜ ਕੇ ਦਿਲ ਹੋ ਗਿਆ ਕੋਲੇ,
ਢਿਲ ਨਾ ਗੁਜ਼ਾਰੂੰਗਾ ।
ਅੱਖਾਂ ਵਿਚ ਕਿੱਲ ਠੋਕ ਕੇ,
ਤੈਨੂੰ ਮੈਂ ਮਾਰੂੰਗਾ ।

2. ਦੇਵੀ ਚੰਦ ਕਿਹਾ ਵਿਚਾਰੇ,
ਕਰ ਲੈ ਜੋ ਕਰਨੇ ਕਾਰੇ,
ਸੂਲੀ ਤੇ ਮਾਣ ਹੁਲਾਰੇ,
ਐਨਲ ਹੱਕ ਬੋਲੂੰਗਾ ।
ਝੱਲੂੰਗਾ ਹੱਸ ਤਸੀਹੇ,
ਸਿਦਕੋਂ ਨਾ ਡੋਲੂੰਗਾ ।

3. ਕਰਦਾ ਹੈਂ ਤੂੰ ਸਰਦਾਰੀ,
ਤੇਰੀ ਹੁਣ ਮੱਤ ਗਈ ਮਾਰੀ,
ਤੇਰੀ ਇਹ ਗੱਲ ਹੰਕਾਰੀ,
ਮੈਂ ਨਾ ਸਹਾਰੂੰਗਾ ।
ਅੱਖਾਂ ਵਿਚ ਕਿੱਲ ਠੋਕ ਕੇ, ਤੈਨੂੰ.....

4. ਰੱਜ ਕੇ ਤੂੰ ਜ਼ੁਲਮ ਕਮਾ ਲੈ,
ਆਪਣਾ ਟਿਲ ਸਾਰਾ ਲਾ ਲੈ,
ਪੀ ਕੇ ਮੈਂ ਪ੍ਰੇਮ ਪਿਆਲੇ,
ਦਿਲਬਰ ਨੂੰ ਟੋਲੂੰਗਾ ।
ਝੱਲੂੰਗਾ ਹੱਸ ਤਸੀਹੇ, ਸਿਦਕੋਂ.......

5. ਆਪਣੇ ਧਿਆ ਲੈ ਗੁਰ ਨੂੰ,
ਤੈਨੂੰ ਪੁਚੌਣਾ ਧੁਰ ਨੂੰ,
ਫਾਹਵਾਂਗਾ ਫਿਰ ਅਨੰਦਪੁਰ ਨੂੰ,
ਖੇਡ ਖਲਾਰੂੰਗਾ ।
ਅੱਖਾਂ ਵਿਚ ਕਿੱਲ ਠੋਕ ਕੇ, ਤੈਨੂੰ ਮੈਂ......

6. ਅੱਗ ਦੇ ਵਿਚ ਕਿੱਲ ਤਪਾ ਦੇ,
ਅੱਖਾਂ ਦੇ ਵਿਚ ਠੁਕਾ ਦੇ,
ਪੁੱਠਾ ਕਰ ਖੱਲ ਤੂੰ ਲਾਹ ਦੇ,
ਭੇਤ ਨਾ ਖੋਹਲੂੰਗਾ ।
ਝੱਲੂੰਗਾ ਹੱਸ ਤਸੀਹੇ, ਸਿਦਕੋਂ......



7. ਜ਼ਹਿਰ ਦਾ ਸੁਰਮਾ ਪਾ ਕੇ,
ਤੱਤੇ ਕਰ ਕਿੱਲ ਠੁਕਾ ਕੇ,
ਪਰਬਤ ਦੇ ਉੱਤੇ ਚੜ੍ਹਾ ਕੇ,
ਖੱਡ ਵਿਚ ਪਟਕਾਰੂੰਗਾ ।
ਅੱਖਾਂ ਵਿਚ ਕਿੱਲ ਠੋਕ ਕੇ, ਤੈਨੂੰ......

8. ਜਿਹਨਾਂ ਨੇ ਸਿਦਕ ਨਿਭੌਣਾ,
ਜਾਣਦੇ ਜਗਤ ਪ੍ਰਹੌਣਾ,
ਜਿਸ ਨੂੰ ਸਭਰਾਈਆਂ ਗੌਣਾ,
ਉਸ ਦੇ ਗੁਣ ਬੋਲੂੰਗਾ ।
ਝੱਲੂੰਗਾ ਹੱਸ ਤਸੀਹੇ, ਸਿਦਕੋਂ......

ਰਾਜੇ ਭੀਮ ਚੰਦ ਨੇ ਈਰਖਾ ਵਿਚ ਸੜ ਕੇ ਹੁਕਮ ਸੁਣਾ ਦਿੱਤਾ ਕਿ ਇਸ ਦੀਆਂ ਅੱਖਾਂ ਵਿਚ ਤੱਤੇ ਕਰਕੇ ਕਿੱਲ ਠੋਕ ਕੇ ਪਹਾੜ ਦੀ ਕਿਸੇ ਖੱਡ ਵਿਚ ਸੁੱਟ ਦੇਣਾ। ਵੇਖ ਲਵਾਂ ਮੈਂ ਗੁਰੂ ਗੋਬਿੰਦ ਸਿੰਘ ਇਸ ਦੀ ਰਖਿਆ ਕਿਵੇਂ ਕਰਦਾ ਹੈ। ਜਲਾਦ ਸਿੱਖ ਨੂੰ ਮਾਰਨ ਵਾਸਤੇ ਲੈ ਤੁਰੇ ਨੇ। ਇਸ ਘਟਨਾ ਦੀ ਖਬਰ ਸਾਰੇ ਸ਼ਹਿਰ ਵਿਚ ਜੰਗਲ ਦੀ ਅੱਗ ਵਾਂਗ ਫੈਲੀ ਸੀ। ਜਦੋਂ ਦੇਵੀ ਚੰਦ ਦੇ ਪ੍ਰਵਾਰ ਨੂੰ ਪਤਾ ਲੱਗਾ ਤਾਂ ਕੂੰਜ ਵਾਂਗ ਕਰਲੌਂਦੀ ਭੈਣ ਤੇ ਮਾਤਾ ਅਤੇ ਦੇਵੀ ਚੰਦ ਦੀ ਰਾਣੀ ਕੂੰਜ ਵਾਂਗ ਕੁਰਲਾਉਂਦੀਆਂ ਦੇਵੀ ਚੰਦ ਨੂੰ ਮਿਲਣ ਤੁਰ ਪਈਆਂ। ਜਦੋਂ ਭੈਣ ਦੀਆਂ ਕੂਕਾਂ ਭਰਾ ਦੇ ਕੰਨਾਂ ਵਿਚ ਪਈਆਂ ਤਾਂ ਜਲਾਦਾਂ ਨੂੰ ਕਹਿਣ ਲੱਗਾ ਮੇਰੀ ਅੰਮਾਂ ਜਾਈ ਭੈਣ ਨੂੰ ਮਿਲ ਲੈਣ ਦਿੱਤਾ ਜਾਵੇ। ਜਲਾਦ ਜ਼ਰਾ ਕੁ ਰੁਕੇ ਨੇ, ਭੈਣ ਅੱਗੇ ਹੋ ਕੇ ਵੀਰ ਦੇ ਗਲ ਲੱਗ ਕੇ ਕਿਵੇਂ ਕੁਰਲੌਂਦੀ ਹੈ—

## ਕਸੂਰੀ ਛੰਦ

1. ਜਦੋਂ ਬੰਨ੍ਹ ਕੇ ਜਲਾਦਾਂ ਤੋਰ ਲਿਆ ਵੀਰ ਨੂੰ ।
ਭੈਣ ਜਾਰੋ-ਜਾਰ ਨੈਣਾਂ 'ਚੋਂ ਵਹੌਂਦੀ ਨੀਰ ਨੂੰ ।
ਭੀਮ ਚੰਦ ਨੇ ਕਮਾਇਆ ਕਹਿਰ ਭਾਰਾ ਵੀਰ ਵੇ ।
ਸਾਡਾ ਤੇਰੇ ਬਾਝੋਂ ਕਿਤੇ ਨਹੀਂ ਸਹਾਰਾ ਵੀਰ ਵੇ ।

2. ਪਿਤਾ ਰਿਹਾ ਨਾ ਜਿਉਂਦਾ ਨਾ ਕੋਈ ਹੋਰ ਵੀਰ ਵੇ ।
ਤੇਰੀ ਟੁੱਟ ਚੱਲੀ ਜ਼ਿੰਦਗੀ ਦੀ ਡੋਰ ਵੀਰ ਵੇ ।
ਸਾਡਾ ਰਾਜੇ ਅੱਗੇ ਚੱਲੇ ਨਾ ਕੋਈ ਚਾਰਾ ਵੀਰ ਵੇ । ਸਾਡਾ......

3. ਜਦੋਂ ਤੱਤੇ ਕਿੱਲ ਤੇਰੀਆਂ ਅੱਖਾਂ ਚੋਂ ਵਹਿਣਗੇ ।
ਤੇਰੀ ਭੈਣ ਦੇ ਕਲੇਜੇ ਵੀਰਾ ਡੋਬ ਪੈਣਗੇ ।
ਔਣਾ ਜੱਗ ਉਤੇ ਕਿਸੇ ਨਹੀਂ ਦੁਬਾਰਾ ਵੀਰ ਵੇ ॥
ਸਾਡਾ ਤੇਰੇ ਬਾਝੋਂ......

4. ਰੋਂਦੀ ਭਾਬੋ ਮੈਥੋਂ ਝੱਲੀ ਨਹੀਉਂ ਜਾਣੀ ਵੀਰ ਵੇ ।
ਜੀਹਦਾ ਚੱਲਿਆ ਵਿਛੜ ਅੱਜ ਹਾਣੀ ਵੀਰ ਵੇ ।
ਉਹਦਾ ਆਸਾਂ ਵਾਲਾ ਢਹਿ ਗਿਆ ਚੁਬਾਰਾ ਵੀਰ ਵੇ ।
ਸਾਡਾ ਤੇਰੇ ਬਾਝੋਂ......

5. ਬੁੱਢੀ ਅੰਮੜੀ ਦੀ ਧੀਰ ਕੌਣ ਵੇ ਧਰਾਊਗਾ ।
ਹੁਣ ਮਾਤਾ ਕਹਿ ਕੇ ਕੌਣ ਉਸ ਨੂੰ ਬੁਲਾਊਗਾ ।
ਜੀਹਦੀ ਅੱਖੀਆਂ ਦਾ ਟੁੱਟ ਗਿਆ ਤਾਰਾ ਵੀਰ ਵੇ ।
ਸਾਡਾ ਤੇਰੇ ਬਾਝੋਂ......

6. ਤਾਹੀਉਂ ਰੋ ਰੋ ਅੱਜ ਦੇਵਾਂ ਮੈਂ ਦੁਹਾਈਆਂ ਵੀਰ ਵੇ ।
ਕਾਹਦਾ ਭੈਣਾਂ ਦਾ ਜੀਊਣਾ ਬਿਨਾਂ ਭਾਈਆਂ ਵੀਰ ਵੇ ।
ਰਹਿੰਦਾ ਰੋਕਿਆ ਨਹੀਂ ਭੀਮਾਂ ਹਤਿਆਰਾ ਵੀਰ ਵੇ ।
ਸਾਡਾ ਤੇਰੇ......

7. ਭਾਰੇ ਦੁਖ ਸਹਿਣੇ ਪੈਣੇ ਸੋਹਲ ਜਿਹੇ ਸਰੀਰ ਨੂੰ ।
ਕੌਣ ਜਮਾਂ ਤੋਂ ਛੁਡਾਵੇ ਅੱਜ ਮੇਰੇ ਵੀਰ ਨੂੰ ।
ਭਾਈਆਂ ਬਾਝੋਂ ਹੈ ਜਹਾਨ ਸੁੰਞਾ ਸਾਰਾ ਵੀਰ ਵੇ ।
ਸਾਡਾ ਤੇਰੇ ਬਾਝੋਂ......

ਭੈਣ ਤੋਂ ਪਿਛੋਂ ਵਾਰੀ ਆਈ ਉਸ ਬੁੱਢੜੀ ਮਾਤਾ ਦੀ, ਜਿਸ ਦੀਆਂ ਕੂਕਾਂ ਪਰਬਤਾਂ ਦਾ ਸੀਨਾ ਚੀਰ ਚੀਰ ਕੇ ਨਿਕਲ ਰਹੀਆਂ ਸੀ, ਉਸ ਨੇ ਪੁੱਤਰ ਨੂੰ ਗਲ ਨਾਲ ਲਾ ਕੇ ਕਿਹਾ ਪੁੱਤਰਾ ਤੇਰੇ ਤੋਂ ਬਿਨਾ ਕੀ ਮੈਂ ਇਸ ਦੁਨੀਆਂ ਤੇ ਜੀਊਂਦੀ ਰਹਿ ਜਾਵਾਂਗੀ ?

### ਤਰਜ਼ - ਟੁਟੇ ਦਿਲ ਨਹੀਂ ਜੁੜਦੇ ਵੇਖੀਂ ਤੋੜੀਂ ਨਾ ।

1. ਵਰਤ ਗਿਆ ਜਦੋਂ ਭਾਣਾ ਉਸ ਵਿਧਾਤਾ ਦਾ ।
ਲੱਗਾ ਪੈਣ ਵਿਛੋੜਾ ਪੁੱਤ ਤੇ ਮਾਤਾ ਦਾ ।
ਰਾਜੇ ਹੁਕਮ ਸੁਣਾਤਾ ਸਖਤ ਸਜ਼ਾਵਾਂ ਦਾ ।
ਕੀ ਪੁੱਤਰ ਬਿਨਾਂ ਜੀਊਣਾ ਜੱਗ ਤੇ ਮਾਵਾਂ ਦਾ ।

2. ਹੋਣੇ ਫੇਰ ਨਹੀਂ ਮੇਲੇ ਅੱਜ ਦੇ ਵਿਛੜਿਆਂ ।
ਫੇਰ ਕਿਤੇ ਨਹੀਂ ਮਿਲਣਾ ਅੱਜ ਦੇ ਨਿਖੜਿਆਂ ।
ਲਾਜ ਕਿਤੋਂ ਨਹੀਂ ਹੋਣਾ ਭੱਜੀਆਂ ਬਾਹਵਾਂ ਦਾ ।
ਕੀ ਪੁੱਤਰਾਂ ਬਿਨਾਂ......

3. ਅੱਖੀਆਂ ਦੇ ਵਿਚ ਕਿੱਲ ਜਾਂ ਤੇਰੇ ਠੁਕਣਗੇ ।
ਮਾਂ ਤੱਤੜੀ ਦੇ ਦੀਦੇ ਉਦੋਂ ਫੁਟਣਗੇ ।



ਪਾਟ ਜਾਵਣਾ ਸੀਨਾ ਠੰਢੀਆਂ ਛਾਵਾਂ ਦਾ ।
ਕੀ ਪੁੱਤਰਾਂ......

4. ਭੈਣ ਤੇਰੀ ਨੂੰ ਡੋਲੀ ਕੌਣ ਚੜ੍ਹਾਊਗਾ ।
ਮੁੜ ਮੁੜ ਤੇਰਾ ਚੇਤਾ ਉਸਨੂੰ ਆਊਗਾ ।
ਹੁੰਦਾ ਬੁਰਾ ਵਿਛੋੜਾ ਭੈਣ ਭਰਾਵਾਂ ਦਾ ।
ਕੀ ਪੁੱਤਰਾਂ ਬਿਨਾਂ......

5. ਧੀਰਜ ਕੌਣ ਧਰਾਊ ਤੇਰੀ ਰਾਣੀ ਨੂੰ ।
ਤੋਰ ਚੱਲੀ ਜੋ ਹੱਥੀਂ ਆਪਣੇ ਹਾਣੀ ਨੂੰ ।
ਭੰਨ ਲਿਆ ਜਿਸ ਚੂੜਾ ਸ਼ਗਨਾਂ ਚਾਵਾਂ ਦਾ ।
ਕੀ ਪੁੱਤਰਾਂ ਬਿਨਾਂ......

6. ਅੱਥਰਾਂ ਵਾਂਗੂੰ ਅੰਨ੍ਹੀ ਰੋ ਰੋ ਹੋ ਜਾਊਂਗੀ ।
ਯਾਦ ਭੁਲਣਾਂ ਤੇਰੀ ਜਦ ਮੈਂ ਮੋ ਜਾਊਂਗੀ ।
ਮੁੜ ਮੁੜ ਚੇਤਾ ਔਣਾ ਤੇਰਿਆਂ ਰਾਹਵਾਂ ਦਾ ।
ਕੀ ਪੁੱਤਰਾਂ ਬਿਨਾਂ......

7. ਘੁਣ ਦੇ ਵਾਂਗਰ ਖਾ ਜਾਊ ਦੁਖੜਾ ਤੇਰਾ ਵੇ ।
ਅੱਜ ਉਜੜ ਗਿਆ ਵੱਸਦਾ ਝੁਗਾ ਮੇਰਾ ਵੇ ।
ਏਦਾਂ ਘਰ ਨਾ ਉਜੜੇ ਚਿੜੀਆਂ ਕਾਵਾਂ ਦਾ ।
ਕੀ ਪੁੱਤਰਾਂ ਬਿਨਾਂ......

8. ਪਰਬਤ ਉੱਤੋਂ ਤੈਨੂੰ ਜ਼ਾਲਮ ਸੁੱਟਣਗੇ ।
ਦਮ ਜ਼ਿੰਦਗੀ ਦੇ ਮੇਰੇ ਉਦੋਂ ਟੁੱਟਣਗੇ ।
ਨਹੀਂ ਰਾਜੇ ਨੇ ਕੀਤਾ ਕੰਮ ਦਨਾਵਾਂ ਦਾ ।
ਕੀ ਪੁੱਤਰਾਂ......

9. ਤੇਰੇ ਵਿਚ ਵਿਛੋੜੇ ਲੁਛ ਲੁਛ ਮਰਾਂਗੀਆਂ ।
ਮੜ੍ਹੀਆਂ ਵਿਚ ਵੀ ਤੈਨੂੰ ਚੇਤੇ ਕਰਾਂਗੀਆਂ ।
ਹਾਲ ਲਿਖੂਗਾ ਸ਼ਾਇਰੀ ਜੋ ਸਭਰਾਵਾਂ ਦਾ ।
ਕੀ ਪੁੱਤਰਾਂ ਬਿਨਾਂ......

ਦੇਵੀ ਚੰਦ ਨੇ ਮਾਤਾ ਦੇ ਚਰਨਾ ਤੇ ਸੀਸ ਝੁਕਾ ਕੇ ਕਿਹਾ-ਹੇ ਮਾਂ ਦੀਨ ਦੁਨੀਆਂ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮੇਰੇ ਅੰਗ-ਸੰਗ ਨੇ, ਉਹ ਮੇਰੀ ਰੱਖਿਆ, ਕਰਨਗੇ । ਧੀਰਜ ਦੇ ਕੇ ਮਾਤਾ ਅਤੇ ਭੈਣ ਤੇ ਆਪਣੀ ਰਾਣੀ ਨੂੰ ਵਾਪਸ ਕਰ ਦਿੱਤਾ । ਜਲਾਦ ਸਿੱਖ ਨੂੰ ਲੈ ਕੇ ਇਕ ਪਰਬਤ ਦੀ ਚੋਟੀ ਉਤੇ ਜਾ ਚੜ੍ਹੇ । ਉਹਨਾ ਅੱਗ ਵਿਚ ਸੀਖਾਂ ਤੱਤੀਆਂ ਕਰਕੇ ਕਿਹਾ-ਅਸੀਂ ਆਪਣੇ ਮਾਲਕ ਦਾ ਹੁਕਮ ਵਜੌਣ ਲੱਗੇ ਹਾਂ, ਤੂੰ ਆਪਣੇ ਮਾਲਕ ਨੂੰ ਯਾਦ ਕਰ ਲੈ । ਸੋ ਭਾਈ ਦੇਵੀ ਚੰਦ ਨੇ ਕਲਗੀਆਂ

ਵਾਲੇ ਦੇ ਚਰਨਾਂ ਦਾ ਆਸਰਾ ਲੈ ਕੇ ਅਰਦਾਸ ਕੀਤੀ। ਸੁਣੋ ਕਲਗੀਆਂ ਵਾਲੇ ਨੇ ਆਪਣੇ ਚਰਨਾਂ ਵਿਚ ਕਿੱਲ ਠੁਕਵਾ ਕੇ ਸਿੱਖ ਦੀ ਪੈਜ ਇਉਂ ਰੱਖੀ ਹੈ।

### ਗੱਡੀ

ਉੱਤੇ ਚੋਟੀ ਦੇ ਚੜ੍ਹਾ ਕੇ ਦੇਵੀ ਚੰਦ ਨੂੰ
ਆਖਿਆ ਜਲਾਦਾਂ ਇਸ ਤਰ੍ਹਾਂ
ਹੁਣ ਆਪਣੇ ਧਿਆ ਲੈ ਸਿੱਖਾ ਗੁਰੂ ਨੂੰ,
ਜਿਹੜਾ ਰੱਖੇ ਲਾਜਾਂ ਤੇਰੀਆਂ।
ਪਾਪੀ ਭੀਮੇ ਦਾ ਹੁਕਮ ਹੈ ਕਰੜਾ,
ਦੇਣੀਆਂ ਸਜ਼ਾਵਾਂ ਭਾਰੀਆਂ।
ਤੱਤੇ ਕਿੱਲ ਜੋ ਤਪਾ ਕੇ ਅੱਗ ਵਾਂਗਰਾਂ,
ਠੋਕ ਦੇਣੇ ਵਿੱਚ ਨੇਤਰਾਂ,
ਕੁਝ ਵੱਸ ਨਾ ਵਜ਼ੀਰਾਂ ਸਾਡੇ,
ਹਾਰ ਦੇਤੀ ਤੇਰੇ ਕਰਮਾਂ।
ਦੇਵੀ ਚੰਦ ਸੀ ਸਿਦਕ ਵਿਚ ਪੂਰਾ
ਰਤਾ ਨਾ ਡਲੋਂਦਾ ਹੌਂਸਲਾ,
ਅੱਖਾਂ ਮੀਟਕੇ......
ਕਰੇ ਅਰਦਾਸਾ ਤੂੰ ਲਾਜਾਂ, ਬਾਜਾਂ ਵਾਲਿਆਂ ਝੱਟ
ਪਹੁੰਚੀਆਂ ਦਿਲਾਂ ਦੀਆਂ ਤਾਰਾਂ।
ਆ ਕੇ ਵਿਚ ਨੰਦਪੁਰ ਦੇ ਲੱਗਾ ਹੋਇਆ ਸੀ
ਦੀਵਾਨ ਦਸਮੇਸ਼ ਦਾ ਸੰਗਤਾਂ ਸੀ ਪਾਸ ਬੈਠੀਆਂ
ਕਿੱਲ ਉਧਰੋਂ ਜਲਾਦਾਂ ਜਦੋਂ
ਠੋਕੇ, ਲਾਜ ਰੱਖੀ ਗੁਰਾਂ, ਸਿੱਖ ਦੀ, ਜਾਣੀ ਜਾਣ ਨੇ
ਠੁਕਾ ਲੈ ਵਿਚ ਚਰਨਾਂ, ਰਤਾ ਨਾ
ਹੋਇਆ ਦੁਖ ਉਸ ਨੂੰ।
ਧੱਕਾ ਮਾਰ ਕੇ ਖੱਡ ਵਿਚ
ਸੁਟਿਆ, ਜ਼ਰਾ ਨਾ ਲੱਗੀ ਸੱਟ
ਉਸ ਨੂੰ। ਖ਼ੂਨ ਵਗਦਾ
ਗੁਰਾਂ ਦੇ ਜਦੋਂ ਵੇਖਿਆ ਤੇ
ਰਹਿਗੀਆਂ ਹੈਰਾਨ ਸੰਗਤਾਂ।
ਨੰਦ ਚੰਦ ਨੂੰ ਗੁਰਾਂ ਨੇ ਝੱਟ
ਆਖਿਆ ਜਲਦੀ ਲਿਆਵੋਂ
ਪਾਲਕੀ, ਕੋਲ ਮਾਤਾ ਦੇ



ਅਸਾਂ ਨੂੰ ਲੈ ਜਾਵੋ, ਹਕੀਮ ਨੂੰ
ਲਿਆਵੋ ਸੱਦ ਕੇ, ਵੈਦ ਜਲਦੀ
ਲਿਆਂਦ੍ਹਾ ਸਿੱਖਾਂ ਸੱਦ ਕੇ।
ਪੁਟੇ ਜਦੋਂ ਕਿੱਲ ਉਸ ਨੇ, ਅੱਗ ਵਾਂਗਰਾਂ
ਅਜੇ ਸੀ ਕਿੱਲ ਸੜਦੇ, ਸਾਰੇ ਰਹਿਗੇ ਦੰਗ ਵੇਖ ਕੇ।
ਮਾਤਾ ਪੁਛਦੀ ਗੁਰਾਂ ਦੇ ਕੋਲੋਂ
ਇਹ ਚੋਜ ਦੱਸ ਮਿਹਰਾਂ ਵਾਲਿਆ ਕੀਹਦੇ ਪਰੇਮ ਦੇ..
ਬੱਧੇ ਹੋ ਦੁਖ ਜਰਦੇ,
ਖੋਹਲ ਕੇ ਸੁਣਾਵੋ ਅਸਾਂ ਨੂੰ।
ਗੁਰਾਂ ਆਖਿਆ ਦੱਸੂਗਾ ਆਪੇ
ਜਿਸ ਦੇ ਵੰਡਾਏ ਦੁਖੜੇ। ਏਨੇ ਚਿਰਾਂ ਨੂੰ
ਵਜ਼ੀਰ ਆਣ ਪਹੁੰਚਿਆਂ
ਡਿੱਗਿਆ ਗੁਰਾਂ ਦੇ ਚਰਨੀਂ,
ਮੈਨੂੰ ਰੱਖਿਆ ਮੁਸੀਬਤਾਂ ਚੋਂ ਮਾਲਕਾ,
ਜਿਵੇਂ ਪ੍ਰਲਾਦ ਤਾਰਿਆ, ਫਿਰ ਪੁਛਦਾ
ਜ਼ਖ਼ਮ ਇਹ ਕਾਹਦੇ
ਜੋ ਚਰਨਾਂ ਚੋਂ ਖ਼ੂਨ ਵਗਦਾ।
ਕਿੱਲ ਗੁਰਾਂ ਨੇ ਸਰ੍ਹਾਣੇ ਹੇਠੋਂ ਕੱਢ ਕੇ,
ਵਿਖਾਏ ਜਦੋਂ ਦੇਵੀ ਚੰਦ ਨੂੰ,
ਦੰਗ ਰਹਿ ਗਿਆ
ਤੇ ਚਰਨਾਂ ਤੇ ਢਹਿ ਗਿਆ,
ਤੂੰ ਧੰਨ ਗੁਰੂ ਬਾਜਾਂ ਵਾਲਿਆ।
ਆਖਦਾ ਆਖਦਾ,
ਕੀਤਾ ਤੂੰ ਨਤਾਰਾ ਮਾਲਕਾ ਪੁੰਨ ਪਾਪ ਦਾ।

ਆਪਣੇ ਸੇਵਕ ਸਿੱਖ ਦੀ ਲਾਜ ਆਪਣੇ ਚਰਨਾਂ ਵਿਚ ਕਿੱਲ ਠੁਕਵਾ ਕੇ ਰੱਖ ਲਈ। ਸਾਰੀ ਸੰਗਤ ਆਖੇ ਧੰਨ ਗੁਰੂ ਗੋਬਿੰਦ ਸਿੰਘ ਜੀ।

ਪ੍ਰਸੰਗ ਲਿਖਿਆ 1982 ਭਾਦਰੋਂ

ਨੋਟ ਇਸ ਕਵੀਸ਼ਰ ਜੱਥੇ ਨੂੰ ਕਿਸੇ ਵੀ ਜੋੜ ਮੇਲੇ ਜਾਂ ਗੁਰਪੁਰਬ ਤੇ ਯਾਦ ਕਰਨਾ ਹੋਵੇ ਚਿੱਠੀ ਲਿਖੋ ਜਾਂ ਆਪ ਮਿਲੋ—

ਭਾਈ ਜਰਨੈਲ ਸਿੰਘ ਕਵੀਸ਼ਰ
ਪਿੰਡ ਤੇ ਡਾਕਖਾਨਾ ਸਭਰਾ
ਤਹਿਸੀਲ ਪੱਟੀ, ਜ਼ਿਲ੍ਹਾ ਅੰਮ੍ਰਿਤਸਰ

# 1984 ਦੀ ਘਟਨਾ

## ਕਲੀ

1. ਉਹ ਪੰਜੇ ਭੈਣਾਂ ਰੋ ਪਈਆਂ ਨੈਣਾਂ ਚੋਂ ਸੁਟ ਕੇ ਨੀਰ ।
ਜਦੋਂ ਬਾਬਲ ਖਾਲੀ ਆ ਗਿਆ,
ਉਸ ਦੇ ਨਾਲ ਨਾ ਦਿਸਿਆ ਵੀਰ ।
2. ਉਹ ਮਾਰ ਦੋਹੱਥੜਾਂ ਪਿੱਟਦੀਆਂ,
ਹੋ ਹੋ ਕੇ ਤੇ ਬੇਧੀਰ ।
ਤੱਕ ਬਾਪ ਵਿਚਾਰਾ ਰੋ ਪਿਆ,
ਜੀਹਦੀ ਕਿਸਮਤ ਬਣੀ ਫਕੀਰ ।
3. ਉਹ ਗਲ ਨਾਲ ਲਾ ਕੇ ਧੀਆਂ ਨੂੰ,
ਤੇ ਦਿਲੋਂ ਹੋ ਕੇ ਦਿਲਗੀਰ ।
ਕਹਿੰਦਾ ਵੀਰ ਤੁਹਾਡਾ ਮਰ ਗਿਆ,
ਪਾਪਣ ਵਰਤ ਗਈ ਤਕਦੀਰ ।
4. ਉਹ ਘੁਟ ਪਾਣੀ ਨੂੰ ਵਿਲਕਦਾ,
ਗਿਆ ਆਖਰ ਛੱਡ ਸਰੀਰ ।
ਨਾਲੇ ਮਾਂ ਤੁਸਾਂ ਦੀ ਮਰ ਗਈ,
ਜਿਹੜੀ ਰਹੀ ਚੁੰਘੌਂਦੀ ਸ਼ੀਰ ।
5. ਜੋ ਮਹਿਲ ਉਸਾਰਿਆ ਆਸ ਦਾ,
ਟੁੱਟ ਅੱਧ ਚੋਂ ਗਿਆ ਸ਼ਤੀਰ ।
ਹੁਣ ਆਪਾਂ ਰੋਇਆ ਕਰਾਂਗੇ,
ਉਹਦੀ ਵੇਖ ਵੇਖ ਤਸਵੀਰ ।
6. ਉਥੇ ਤੜ ਤੜ ਤੋਪਾਂ ਚੱਲੀਆਂ,
ਜਿਥੇ ਬਹਿੰਦੇ ਸੀ ਛੇਵੇਂ ਪੀਰ ।
ਉਹਨਾਂ ਮਾਰ ਗੋਲੀਆਂ ਵਿੰਨ੍ਹਤਾ,
ਜੀਹਦੀ ਨੀਂਹ ਰੱਖੀ ਮੀਆਂ ਮੀਰ ।
7. ਉਦੋਂ ਪਾ ਗਏ ਹੱਸ ਸ਼ਹੀਦੀਆਂ,
ਕਈ ਮਾਵਾਂ ਦੇ ਬਲਬੀਰ ।
ਕਰ ਧੀਰਜ ਬੇਟਾ ਬੈਠ ਜਾਓ,
ਨਹੀਂ ਲੱਭਣਾ ਤੁਸਾਂ ਦਾ ਵੀਰ ।
8. ਅੱਜ ਰੋਂਦੀ ਅੱਖ ਪੰਜਾਬ ਦੀ,
ਅੱਗ ਵਰਗੇ ਅੱਥਰੂ ਕੇਰ ।
ਨਾ ਔਣ ਕਦੇ ਜਰਨੈਲ ਸਿੰਹਾਂ,
ਦਿਨ ਚੰਦਰੇ ਐਸੇ ਫੇਰ ।



### ਦੁਖੀਏ ਮਾਂ ਪੁੱਤ

# ਮਹਾਰਾਣੀ ਜਿੰਦਾਂ ਅਤੇ ਮਹਾਰਾਜਾ ਦਲੀਪ ਸਿੰਘ

ਜਿਸ ਵੇਲੇ ਮਹਾਰਾਣੀ ਜਿੰਦਾ ਨੂੰ ਅੰਗਰੇਜ਼ਾਂ ਨੇ ਲਾਹੌਰ ਵਿਚੋ ਕੈਦ ਕਰਕੇ ਸ਼ੇਖੂਪੁਰ ਦੀ ਜੇਹਲ ਵਿਚ ਭੇਜ ਦਿਤਾ, ਵਿਚਾਰੀ ਪੁੱਤਰ ਦਲੀਪ ਨੂੰ ਤਰਸ ਰਹੀ ਹੈ ਤੇ ਇਕ ਚਿੱਠੀ ਕੰਵਰ ਦਲੀਪ ਵੱਲ ਲਿਖਦੀ ਹੈ—

## ਕਲੀ

1. ਜਿੰਦਾਂ ਸ਼ੇਖੂਪੁਰ ਚੋਂ ਚਿੱਠੀ ਲਿਖੇ ਦਲੀਪ ਨੂੰ,
ਮੇਰਿਆ ਲਾਡਲਿਆ ਮੈਂ ਤੇਰੇ ਤੋਂ ਵੱਖ ਹੋਈ ।
2. ਮੇਰੇ ਸਰਵਣ ਪੁੱਤਰਾ ਮਿਲਣਾ ਚਾਹੁੰਦੀ ਤੈਨੂੰ ਮੈਂ,
ਤੇਰੇ ਵਿਚ ਵਿਛੋੜੇ ਹੋਗੀ ਮੈਂ ਅੱਧਮੋਈ ।
3. ਆਪਣਾ ਰਾਜ ਗਵਾਇਆ ਆਪਣੇ ਘਰ ਦੇ ਭੇਤੀਆਂ ਨੇ,
ਐਸੇ ਦੁਸ਼ਟਾਂ ਨੂੰ ਨਾ ਮਿਲੇ ਨਰਕ ਢੋਈ ।
4. ਇੱਛਰਾਂ ਜਿਵੇਂ ਵਿਛੜੀ ਰੋਂਦੀ ਪੁੱਤਰ ਪੂਰਨ ਤੋਂ,
ਮੈਂ ਵੀ ਰਾਤ ਦਿਨੇ ਹਾਂ ਜਾਂਦੀ ਪੁੱਤਰਾ ਰੋਈ ।
5. ਵਿਛੜੀ ਕੂੰਜ ਕੂਕਦੀ ਜਿਉਂ ਕੂੰਜਾਂ ਦੀ ਡਾਰ ਚੋਂ,
ਜਾਵਾਂ ਰਾਤ ਦਿਨੇ ਮੈਂ ਹੰਝੂਆਂ ਹਾਰ ਪਰੋਈ ।
6. ਇਕੋ ਇਕ ਸਹਾਰਾ ਤੂੰ ਸੈਂ ਮੇਰੀ ਅੱਖੀਆਂ ਦਾ,
ਤੇਰੇ ਬਾਝੋਂ ਪੁਤਰਾਂ ਹੋਰ ਨਾ ਮੇਰਾ ਕੋਈ ।
7. ਤੈਨੂੰ ਮਿਲਣ ਵਾਸਤੇ ਕਰੇ ਬਥੇਰੇ ਤਰਲੇ ਮੈਂ,
ਸੁਣਦੇ ਗੋਰੇ ਜ਼ਾਲਮ ਨਹੀਂ ਮੇਰੀ ਅਰਜੋਈ ।
8. ਬੇੜੀ ਸਿੱਖ ਰਾਜ ਦੀ ਡੋਬੀ ਪਾਪੀ ਡੋਗਰਿਆਂ,
ਘਰ ਦੇ ਰਾਖੇ ਸਾਰੇ ਬਣਗੇ ਦੇਸ਼-ਧਰੋਈ ।
9. ਮੇਰੇ ਸਿਰ ਤੇ ਪਹਿਰਾ ਸਖਤ ਬੜਾ ਅੰਗਰੇਜ਼ਾਂ ਦਾ,
ਸੱਲੇ ਦਿਲ ਸੂਲਾਂ ਜ਼ਾਲਮ ਜਾਣ ਚਭੋਈ ।
10. ਮੈਨੂੰ ਦੇਸ਼-ਨਿਕਾਲਾ ਫਿਰਦੇ ਗੋਰੇ ਦੇਣ ਨੂੰ,
ਛੁਰੀ ਵਿਛੋੜੇ ਵਾਲੀ ਜਾਂਦੀ ਦਿਲ ਨੂੰ ਕੋਹੀ ।

11. ਤੇਰੇ ਵਿਚ ਵਿਛੋੜੇ ਵਿਲੂਕ ਵਿਲੂਕ ਕੇ ਮਰ ਜਾਊਂਗੀ,
ਅੰਨ੍ਹੀ ਪੁੱਤਰ ਤੋਂ ਬਿਨਾਂ ਜਿਵੇਂ ਇਛਰਾਂ ਹੋਈ ।
12. ਕਦ ਉਹ ਦਿਨ ਆਵਣ ਜਦ ਛਾਤੀ ਲਾਵਾਂ ਪੁੱਤਰ ਨੂੰ,
ਓਨਾਂ ਚਿਰ ਮੈਂ ਪੁਤਰਾ ਨਾ ਜੀਊਂਦੀ ਨਾ ਮੋਈ ।
ਮੈਂ ਤੈਨੂੰ ਮਿਲਣਾ ਚਾਹਵਾਂ ਵੇ,
ਦਿਨੇ ਰਾਤ ਕੀਰਨੇ ਪਾਵਾਂ ਵੇ,
ਦੱਸ ਕਿਸ ਨੂੰ ਦੁੱਖ ਸੁਣਾਵਾਂ ਵੇ,
ਜਦ ਸੁਨਣੇ ਵਾਲਾ ਕੋਈ ਨਾ ।

## ਖਾੜਕੂ ਸੂਰਮੇ

ਉੱਨੀ ਸੌ ਚੌਦਾਂ ਵਿਚ ਭਾਰਤ ਅਜ਼ਾਦ ਕਰਵਾਉਣ ਲਈ ਗਦਰ ਪਾਰਟੀ ਦੀ ਨੀਂਹ ਰੱਖੀ ਤੇ ਪ੍ਰਦੇਸਾਂ ਵਿਚ ਰਹਿੰਦੇ ਭਾਰਤੀ ਇਕ ਤੂਫਾਨ ਦੀ ਤਰ੍ਹਾਂ ਜਜ਼ਬਾਤ ਦੇ ਭਰੇ ਸੂਰਮੇ ਜਿਵੇਂ ਭਾਰਤ ਨੂੰ ਪਰਤ ਰਹੇ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ—

1. ਤੁਰ ਪਏ ਬੰਨ੍ਹ ਸ਼ਹੀਦੀ ਗਾਨੇ,
ਦੇਣੇ ਦੇਸੋਂ ਕੱਢ ਬਗਾਨੇ,
ਸੜਨੇ ਸ਼ਮ੍ਹਾਂ ਉਤੇ ਪ੍ਰਵਾਨੇ,
ਅਜ਼ਾਦੀ ਜੋਤ ਜਗਾਵਣ ਲਈ ।
ਗਦਰੀ ਤੁਰੇ ਬਦੇਸ਼ਾਂ ਵਿਚੋਂ,
ਵਤਨ ਅਜ਼ਾਦ ਕਰਾਵਣ ਲਈ ।
ਗਦਰੀ ਤੁਰੇ ਬਦੇਸ਼ਾਂ ਵਿਚੋਂ,
ਵਤਨ ਅਜ਼ਾਦ ਕਰਾਵਣ ਲਈ ।
2. ਤੁਰ ਪਿਆ ਬਾਬਾ ਸਿੰਘ ਵਸਾਖਾ,
ਰੱਖ ਕੇ ਦਿਲੋਂ ਮਰਨ ਦੀ ਆਸ਼ਾ,
ਦੇਣਾ ਭੰਨ ਜ਼ੁਲਮ ਦਾ ਕਾਸਾ,
ਜੋ ਲੁਟਦਾ ਦੇਸ਼ ਪੁਜਾਰੀ ਨੂੰ ।
ਐਸੀ ਜੋਸ਼ ਜਵਾਲਾ ਭੜਕੀ,
ਤੁਰ ਪਏ ਛੱਡ ਸਰਦਾਰੀ ਨੂੰ ।
3. ਤੁਰ ਪਿਆ ਹੈ ਕਰਤਾਰ ਸਰਾਭਾ,
ਰੋਕਣ ਲਈ ਜ਼ੁਲਮੀ ਖੂਨ ਖਰਾਬਾ,
ਫਿਰਿਆ ਜਿਹਨੇ ਮਾਲਵਾ ਮਾਝਾ,
ਜਿੱਤ ਦੀ ਹੀਰ ਵਿਆਵਣ ਲਈ, ਗਦਰੀ......



4. ਵੱਜਾ ਜਦੋਂ ਮੌਤ ਦਾ ਲਾਰਮ,
ਦਿੱਤੇ ਛੱਡ ਲੱਖਾਂ ਦੇ ਫਾਰਮ,
ਜਾਨਾਂ ਤੁਰੇ ਦੇਸ਼ ਤੋਂ ਵਾਰਨ,
ਵਰਨਾਂ ਮੌਤ ਪਿਆਰੀ ਨੂੰ । ਐਨੀ ਜੋਸ਼......
5. ਮੁੜ ਪਿਆ ਕਾਮਾ ਗਾਟਾ ਮਾਰੂ,
ਜਿਸ ਦੇ ਵਿਚ ਦੇਸ਼ ਦੇ ਪਾਹਰੂ,
ਕੱਲੇ ਦਸਾਂ ਦਸਾਂ ਤੇ ਭਾਰੂ,
ਰਣ ਵਿਚ ਤੇਗ ਚਲਾਵਣ ਲਈ । ਗਦਰੀ......
6. ਜੂਝੇ ਵਤਨ ਦੀ ਖਾਤਰ ਕੂਕੇ,
ਗਏ ਜੋ ਤੋਪਾਂ ਮੂਹਰੇ ਫੂਕੇ,
ਹੁਣ ਵੀ ਰੂਹ ਉਹਨਾਂ ਦੀ ਚੂਕੇ,
ਭਾਰਤ ਦੇ ਨਰ ਨਾਰੀ ਨੂੰ । ਐਨੀ ਜੋਸ਼......
7. ਲਈਏ ਸਿੱਖ ਰਾਜ ਦੀਆਂ ਸਾਰਾਂ,
ਜਿਹੜਾ ਡੋਬਿਆ ਦੇਸ਼ ਗਦਾਰਾਂ,
ਸੜੀਏ ਬਣ ਭੰਬਟਾਂ ਦੀਆਂ ਡਾਰਾਂ,
ਜ਼ੁਲਮੀ ਸ਼ਮ੍ਹਾਂ ਬੁਝਾਵਣ ਲਈ । ਗਦਰੀ......
8. ਖਾ ਲਿਆ ਦੇਸ ਲੁਟ ਕੇ ਗੋਰੇ,
ਕਰਦੇ ਤਰਸ ਜ਼ਰਾ ਨਾ ਭੋਰੇ,
ਮੂੰਹ ਦੇ ਮਿੱਠੇ ਤੇ ਦਿਲ ਦੇ ਕੋਰੇ,
ਡੂੰਘੀ ਵੌਹਣ ਕਟਾਰੀ ਨੂੰ । ਐਨੀ......
9. ਤੁਰ ਪਿਆ ਸੋਹਣ ਸਿੰਘ ਜੀ ਭਕਨਾ,
ਜਿਸ ਦਾ ਕੰਮ ਨਾ ਅਕਣਾ ਥੱਕਣਾ,
ਕਹਿੰਦਾ ਸੀਸ ਤਲੀ ਤੇ ਰੱਖਣਾ,
ਗੱਲ ਇਹ ਤੋੜ ਨਿਭਾਵਣ ਨੂੰ । ਗਦਰੀ......
10. ਖਾ ਲਿਆ ਦੇਸ ਲੁਟ ਕੇ ਗੋਰਾਂ,
ਤੁਰੀਆਂ ਆਜ਼ਾਦੀ ਦੀਆਂ ਲਹਿਰਾਂ,
ਲਿਖਣਾ ਸੋਚ ਸਮਝ ਕੇ ਸ਼ਾਇਰਾਂ,
ਸੋਹਣੀ ਕਾਵ ਕਿਆਰੀ ਨੂੰ । ਐਨੀ......

# ਸ਼ਹੀਦ ਊਧਮ ਸਿੰਘ

ਸ: ਊਧਮ ਸਿੰਘ ਕੋਲੋਂ ਪਸਤੌਲ ਪਕੜੀ ਗਈ ਤਾਂ ਅੰਗਰੇਜ਼ ਪੁਲੀਸ ਨੇ ਉਸ ਨੂੰ ਲਾਹੌਰ ਦੀ ਹਵਾਲਾਤ ਵਿਚ ਬੰਦ ਕਰ ਦਿੱਤਾ। ਅਖਬਾਰਾਂ ਵਿਚ ਇਹ ਖਬਰ ਛਪੀ ਤਾਂ ਮਿਸ ਗੁਲਾਬ ਨੂੰ ਪਤਾ ਲੱਗਾ ਤੇ ਉਹ ਸ਼ਾਦੀ ਕਰਵਾਉਣ ਲਈ ਊਧਮ ਸਿੰਘ ਨੂੰ ਮਿਲ ਕੇ ਸਵਾਲ ਜਵਾਬ ਕਿਵੇਂ ਕਰਦੀ ਹੈ ਸੁਣੋ—

### ਤਰਜ਼ ਜੁਗਨੀ

1. *ਮਿਸ ਗੁਲਾਬ :* *ਸੁਣ ਊਧਮ ਸਿੰਘ ਗੱਲ ਮੇਰੀ,*
*ਲਾਹੀ ਪੁਲਸ ਨੇ ਕੁਟ ਕੁਟ ਖੱਲ ਤੇਰੀ,*
*ਮੈਂ ਮੁਸ਼ਕਲ ਕਰ ਦਿਆਂ ਹੱਲ ਤੇਰੀ,*
*ਕੈਦਾਂ ਚੋਂ ਜਾਨ ਛੁਡਾ ਲੈ ਵੇ ।*
*ਜੇ ਸੁਖ ਲੈਣੇ ਤੂੰ ਦੁਨੀਆਂ ਦੇ,*
*ਵਿਆਹ ਮੇਰੇ ਨਾਂ ਕਰਵਾ ਲੈ ਵੇ ।*

2. *ਊਧਮ ਸਿੰਘ :* *ਅਸੀਂ ਆਸ਼ਕ ਹੀਰ ਅਜ਼ਾਦੀ ਦੇ,*
*ਨਾ ਚਾਹਵਾਨ ਹਾਂ ਸ਼ਾਦੀ ਦੇ,*
*ਅਸੀਂ ਵੈਰੀ ਦੇਸ਼ ਪਰਾਧੀ ਦੇ,*
*ਦੁੱਖਾਂ ਵਿਚ ਪੈਰ ਫਸੌਣਾ ਨਹੀਂ ।*
*ਤੂੰ ਪੁਤਰੀ ਮੇਰੇ ਦੁਸ਼ਮਣ ਦੀ,*
*ਵਿਆਹ ਤੇਰੇ ਨਾਂ ਕਰਵੌਣਾ ਨਹੀਂ ।*

3. *ਮਿਸ ਗੁਲਾਬ :* *ਤੱਕ ਤੇਰੀ ਛੈਲ ਜਵਾਨੀ ਵੇ,*
*ਮੈਂ ਹੋਈ ਫਿਰਾਂ ਦਿਵਾਨੀ ਵੇ,*
*ਤੂੰ ਬਣ ਮੇਰਾ ਦਿਲ ਜਾਨੀ ਵੇ,*
*ਮੇਰੇ ਦਿਲ ਦੇ ਦਰਦ ਵੰਡਾ ਲੈ ਵੇ । ਜੇ ਲੈਣੇ......*

4. *ਊਧਮ ਸਿੰਘ :* *ਤੱਕ ਜਲਿਆਂਵਾਲਾ ਕਹਿਰ ਕੁੜੇ,*
*ਨਹੀਂ ਹੁੰਦਾ ਮੈਥੋਂ ਠਹਿਰ ਕੁੜੇ,*
*ਲਵਾਂ ਮਾਰ ਦੁਸ਼ਟ ਐਡਵਾਇਰ ਕੁੜੇ,*
*ਜੋ ਕੀਤਾ ਪ੍ਰਣ ਭੁਲਾਉਣਾ ਨਹੀਂ । ਤੂੰ ਪੁੱਤਰੀ......*

5. *ਮਿਸ ਗੁਲਾਬ :* *ਲੈ ਮੰਨ ਮੇਰੀ ਅਰਜੋਈ ਵੇ,*
*ਮੈਂ ਅੱਜ ਤੋਂ ਤੇਰੀ ਹੋਈ ਵੇ,*
*ਤੇਰੇ ਬਾਝ ਨਾ ਮੇਰਾ ਕੋਈ ਵੇ,*
*ਦਿਲੋਂ ਪਿਛਲੀ ਖੋਰ ਭੁਲਾ ਲੈ ਵੇ । ਸੁਖ ਲੈਣੇ......*



6. *ਊਧਮ ਸਿੰਘ :* *ਅਸੀਂ ਗੋਬਿੰਦ ਸਿੰਘ ਦੇ ਸ਼ੇਰ ਕੁੜੇ,*
*ਹਾਂ ਜੋਧੇ ਮਰਦ ਦਲੇਰ ਕੁੜੇ,*
*ਦੇਣੇ ਰੋਕ ਜ਼ੁਲਮ ਦੇ ਹਨੇਰ ਕੁੜੇ,*
*ਤੱਕ ਮੌਤ ਕਦੇ ਘਬਰੌਣਾ ਨਹੀਂ । ਤੂੰ ਪੁੱਤਰੀ......*

7. *ਮਿਸ ਗੁਲਾਬ :* *ਜੇਹਲਾਂ ਵਿਚ ਕਸ਼ਟ ਉਠਾ ਨਾ ਵੇ,*
*ਮੇਰੀ ਆਖੀ ਗੱਲ ਪਰਤਾ ਨਾ ਵੇ,*
*ਭਾੜੇ ਭੰਗ ਦੇ ਜਾਨ ਗਵਾ ਨਾ ਵੇ,*
*ਮਨ ਭੌਂਦੇ ਐਸ਼ ਉਡਾ ਲੈ ਵੇ । ਜੇ ਸੁਖ ਲੈਣੇ......*

8. *ਊਧਮ ਸਿੰਘ :* *ਅਸੀਂ ਦੇਸ਼ ਕੌਮ ਲਈ ਮਰਨਾ ਹੈ,*
*ਨਾਂ ਜੱਗ ਤੇ ਰੌਸ਼ਨ ਕਰਨਾ ਹੈ,*
*ਅਸੀਂ ਜਿੱਤਣਾ, ਗੋਰੇ ਹਰਨਾ ਹੈ,*
*ਜਰਨੈਲ ਮੇਜਰ ਨਿੱਤ ਗੌਣਾ ਨਹੀਂ । ਤੂੰ ਪੁੱਤਰੀ......*

# ਸਾਕਾ ਸਰਹੰਦ

ਮਾਤਾ ਗੁਜਰੀ ਜੀ ਆਪਣੇ ਪੋਤਰੇ ਬਾਬਾ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਨੂੰ ਆਪਣੀ ਗੋਦ ਵਿਚੋਂ ਅੰਤਲੀ ਵਾਰ ਤੋਰਦੀ ਹੈ—

### ਤਰਜ਼-ਹਾਏ ਵੇ ਪੁੰਨੂੰ ਜ਼ਾਲਮਾਂ

1. ਦਾਦੀ ਵਾਜਾਂ ਮਾਰ ਕੇ ਦੋਵੇਂ ਲਾਲ ਉਠਾਏ ਨੇ ।
ਉਠੋ ਵੇ ਮੇਰੇ ਹੀਰਿਓ ਅੱਜ ਲੈਣ ਸਿਪਾਹੀ ਆਏ ਨੇ ।
ਰੀਝਾਂ ਦੇ ਨਾਲ ਬੰਨ੍ਹਦੀ ਚਿਣ-ਚਿਣ ਕੇ ਦਸਤਾਰ ਵੇ ।
ਅੱਜ ਸਿਦਕ ਤੁਹਾਡੇ ਪਰਖਣੇ ਮੁਗਲਾਂ ਦੀ ਤਲਵਾਰ ਵੇ ।
ਸਿੱਖੀ ਨੂੰ ਦਾਗ ਨਾ ਲੌਣਾ ਜੇ ।

2. ਸਿੱਖੀ ਤਿੱਖੀ ਖੰਡਿਓਂ ਤੁਸੀਂ ਮਰ ਕੇ ਦੱਸਣਾ ਜੱਗ ਨੂੰ ।
ਦਾਗ ਕਦੇ ਨਾ ਲੱਗਜੇ ਗੁਰੂ ਅਰਜਨ ਦੀ ਪੱਗ ਨੂੰ ।
ਹੱਸ ਤੱਤੀ ਤਵੀ ਤੇ ਬੈਠ ਕੇ,
ਜੋ ਦੁਖੜੇ ਗਏ ਸਹਾਰ ਵੇ,
ਅੱਜ ਸਿਦਕ ਤੁਸਾਂ ਦੇ ਪਰਖਣੇ ਮੁਗਲਾਂ ਦੀ......

3. ਜਦੋਂ ਅਨੰਦਪੁਰ ਵਿਚ ਆਣ ਕੇ,
ਪੰਡਤਾਂ ਨੇ ਕਰੀ ਪੁਕਾਰ ਵੇ ।

ਤਦ ਦਾਦੇ ਤੁਹਾਡੇ ਦਿਤਾ ਸੀ,
ਹੱਸ ਸੀਸ ਧਰਮ ਤੋਂ ਵਾਰ ਵੇ ।
ਭਾਈ ਮਤੀ ਦਾਸ ਨੂੰ ਜ਼ਾਲਮਾਂ,
ਦਿੱਤਾ ਫੱਟਿਆਂ ਵਿਚ ਖਲਿਹਾਰ ਵੇ । ਅੱਜ ਸਿਦਕ......

4. ਬੇਸ਼ੱਕ ਪੈ ਜਾਣ ਪਿੰਜਰੇ,
ਕਦੇ ਸ਼ੇਰ ਨਹੀਂ ਮੰਨਦੇ ਹਾਰ ਵੇ ।
ਧਰਮ ਉੱਤੋਂ ਜਿੰਦ ਵਾਰ ਗਏ,
ਹੱਸ ਹੱਸ ਕੇ ਅਜੀਤ ਜੁਝਾਰ ਵੇ ।
ਵੱਡੇ ਵੀਰਾਂ ਵਾਂਗੂੰ ਵਰ ਲਓ,
ਤੁਸੀਂ ਹੱਸ ਮੌਤ ਮੁਟਿਆਰ ਵੇ । ਅੱਜ ਸਿਦਕ......

5. ਖੂਨ ਤੁਸਾਂ ਦਾ ਪੈ ਕੇ,
ਬੁਝ ਜਾਊ ਜ਼ੁਲਮ ਦੀ ਅੱਗ ਵੇ ।
ਮੂੰਹ ਤੇ ਗੰਗੂ ਦੁਸ਼ਟ ਦੇ,
ਹੁਣ ਕਾਲਖ ਜਾਣੀ ਲੱਗ ਵੇ ।
ਕੀ ਹੋਇਆ ਜੇ ਹੋ ਗਿਆ,
ਗੰਗੂ ਦੁਸ਼ਟ ਗਦਾਰ ਵੇ । ਅੱਜ ਸਿਦਕ......

6. ਜੇ ਡੋਲੇ ਦੇਵਣ ਧੀਆਂ ਦੇ,
ਤੁਸੀਂ ਕਰਿਓ ਨਾ ਪਰਵਾਨ ਵੇ ।
ਜਾਨ ਵਾਰ ਕੇ ਕਰ ਦਿਓ,
ਸਿੱਖੀ ਦੀ ਉੱਚੀ ਸ਼ਾਨ ਵੇ ।
ਜਦ ਵਰੋ ਪਿਆਰੀ ਮੌਤ ਨੂੰ,
ਤੱਕ ਮੈਂ ਜਾਵਾਂ ਬਲਿਹਾਰ ਵੇ । ਅੱਜ ਸਿਦਕ......

7. ਜਦੋਂ ਪੰਜ ਪਿਆਰੇ ਸਾਜ ਕੇ,
ਗਿੱਦੜਾਂ ਤੋਂ ਸ਼ੇਰ ਬਣਾ ਦਿੱਤਾ ।
ਇਹ ਮੁਫਤ ਨਹੀਂ ਮਿਲਿਆ ਗੁਰੂ ਜੀ,
ਦਿਆ ਸਿੰਘ ਨੇ ਆਖ ਸੁਣਾ ਦਿੱਤਾ ।
ਤਦ ਪਿਤਾ ਤੁਸਾਂ ਦੇ ਕਿਹਾ ਸੀ,
ਮੈਂ ਵਾਰ ਦੇਵਾਂ ਪ੍ਰਵਾਰ ਵੇ । ਅੱਜ ਸਿਦਕ......

(ਇਹ ਸਾਰਾ ਪ੍ਰਸੰਗ 'ਸਿਦਕ ਪੰਜਾਬੀਆਂ ਦਾ' ਕੈਸਟ ਵਿਚ ਰਿਕਾਰਡ ਹੋ ਚੁਕਾ ਹੈ ।)

ਸਾਹਿਬਜ਼ਾਦੇ ਤੁਰਨ ਸਮੇਂ ਦਾਦੀ ਤੋਂ ਇਉਂ ਵਿਦਿਆ ਹੋਣ ਲੱਗੇ ਕਹਿ ਰਹੇ ਨੇ—



## ਤਰਜ਼-ਇੰਝ ਨਹੀਂ ਕਰੀਂਦਿ

ਦੇ ਲੈ ਜਾਂਦੀ ਵਾਰ ਦਾ ਪਿਆਰ ਸਾਡੀ ਅੰਮੀਏਂ ਨੀ ।
ਅੱਜ ਸਾਨੂੰ ਰੀਝਾਂ ਨਾਂ ਸ਼ੰਗਾਰ ਸਾਡੀ ਅੰਮੀਏਂ ਨੀ ।
ਅੱਜ ਸਾਨੂੰ......

1. ਸਰਸਾ ਤੇ ਆ ਕੇ ਮਾਤਾ ਪੈ ਗਿਆ ਵਿਛੋੜਾ ਨੀ ।
ਚੰਦਰੇ ਚੰਡਾਲ ਗੰਗੂ ਮਾਰ ਦਿੱਤਾ ਲੋਹੜਾ ਨੀ ।
ਲੁਟ ਖਾ ਕੇ ਹੋ ਗਿਆ ਗਦਾਰ,
ਸਾਡੀ ਅੰਮੀਏ ਨੀ । ਅੱਜ ਸਾਨੂੰ......

2. ਸੁਰਗਾਂ ਚੋਂ ਹੈ ਬਾਬਾ ਚਿਰਾਂ ਦਾ ਉਡੀਕਦਾ ।
ਉਥੇ ਹੀ ਮਿਲਾਪ ਹੋਣਾ ਵੱਡੇ ਵੀਰ ਅਜੀਤ ਦਾ ।
ਨਾਲੇ ਹੋਣਾ ਉਡੀਕਦਾ ਜੁਝਾਰ,
ਸਾਡੀ ਅੰਮੀਏਂ ਨੀ । ਅੱਜ ਸਾਨੂੰ ਰੀਝਾਂ......

3. ਜ਼ੋਰਾਵਰ ਤੇਰਾ ਮਾਤਾ ਜਿੱਤਿਆ ਨਾ ਜਾਊਗਾ ।
ਬੰਨ੍ਹ ਕੇ ਤੇ ਸਿਹਰੇ ਲਾੜੀ ਮੌਤ ਨੂੰ ਵਿਆਹਊਗਾ ।
ਸਾਡਾ ਲਾੜੀ ਮੌਤ ਨਾਂ ਪਿਆਰ,
ਸਾਡੀ ਅੰਮੀਏ ਨੀ । ਅੱਜ ਸਾਨੂੰ......

4. ਫਤੇ ਸਿੰਘ ਤੇਰਾ ਫਤਿਹ ਪਾਵੇਗਾ ਮੈਦਾਨ ਚੋਂ ।
ਕਰ ਦੇਊ ਮਿਸਾਲ ਕਾਇਮ ਵੱਖਰੀ ਜਹਾਨ ਚੋਂ ।
ਖੁੰਢੀ ਕਰ ਦੇਣੀ ਤਲਵਾਰ,
ਸਾਡੀ ਅੰਮੀਏਂ ਨੀ । ਅੱਜ ਸਾਨੂੰ......

5. ਅੱਜ ਪੋਤੇ ਆਪਣੇ ਤੂੰ ਰੀਝਾਂ ਨਾਂ ਸ਼ੰਗਾਰ ਦੇ ।
ਚਿਣ ਚਿਣ ਸੀਸ ਉੱਤੇ ਬੰਨ੍ਹ ਦਸਤਾਰ ਦੇ ।
ਕਾਲਜੇ ਨਾਂ ਲਾ ਲੈ ਜਾਂਦੀ ਵਾਰ,
ਸਾਡੀ ਅੰਮੀਏਂ ਨੀ । ਅੱਜ ਸਾਨੂੰ ਰੀਝਾਂ......

6. ਨੀਹਾਂ ਵਿਚ ਚਿਣ ਦੇਣਾ ਚੰਦਰੇ ਚੰਡਾਲਾਂ ਨੇ ।
ਮੰਨਣੀ ਨਹੀਂ ਈਨ ਤੇਰੇ ਸੂਰਬੀਰ ਲਾਲਾਂ ਨੇ ।
ਉਡੀਕਦੀ ਹੈ ਖੂਨਣ ਦੀਵਾਰ,
ਸਾਡੀ ਅੰਮੀਏਂ ਨੀ । ਅੱਜ ਸਾਨੂੰ......

7. ਤੂੰ ਵੀ ਸਾਡੀ ਮਾਤ ਬਹੁਤਾ ਵਿਰਲਾਪ ਕਰੀਂ ਨਾ ।
ਪੋਤਿਆਂ ਤੋਂ ਬਿਨਾਂ ਕੱਲੀ ਲੁਛ-ਲੁਛ ਮਰੀਂ ਨਾ ।
ਛੇਤੀ ਆਵੀਂ ਸੁਵਰਗ ਸੁਧਾਰ,
ਸਾਡੀ ਅੰਮੀਏਂ ਨੀ । ਅੱਜ ਸਾਨੂੰ......

8. ਪੈਣਗੇ ਵਿਛੋੜੇ ਅੱਜ ਰੂਹਾਂ ਨਾਲੋਂ ਬੁੱਤਾਂ ਦੇ ।
ਬੁਰੇ ਹੁੰਦੇ ਦੁਖ ਮਾਤਾ ਮਾਪਿਆਂ ਨੂੰ ਪੁੱਤਾਂ ਦੇ ।
ਸੁਖ ਮੰਗੇ ਸਾਰਾ ਸੰਸਾਰ,
ਸਾਡੀ ਅੰਮੀਏਂ ਨੀ । ਅੱਜ ਸਾਨੂੰ......

9. ਤੂੰ ਵੀ ਸਾਡੀ ਮਾਤਾ ਵੇਖੀਂ ਬਹੁਤਾ ਚਿਰ ਲੰਣਾ ਨਹੀਂ ।
ਤੇਰੇ ਬਿਨਾਂ ਲੱਗੂ ਸਾਨੂੰ ਸੁਵਰਗ ਡਰੌਣਾ ਨੀ ।
ਤੇਰੇ ਬਾਝੋਂ ਹੋਵਾਂਗੇ ਖੁਵਾਰ,
ਸਾਡੀ ਅੰਮੀਏਂ ਨੀ । ਅੱਜ ਸਾਨੂੰ......

10. ਕੌਮ ਦਿਆਂ ਆਗੂਆਂ ਨੂੰ ਪੈਂਦਾ ਦੁਖ ਜਰਨਾ ।
ਦੇ ਕੇ ਕੁਰਬਾਨੀ ਤੇ ਅਜ਼ਾਦ ਦੇਸ਼ ਕਰਨਾ ।
ਕਰੂ ਜਰਨੈਲ ਪ੍ਰਚਾਰ,
ਸਾਡੀ ਅੰਮੀਏਂ ਨੀ । ਅੱਜ ਸਾਨੂੰ......

## ਰੂਪ ਬਸੰਤ

ਕਿੱਸਾ ਰੂਪ ਬਸੰਤ ਵਿਚੋਂ ਮਾਂ ਦੇ ਘਰੋਂ ਕੱਢ ਦੇਣ ਤੇ ਸ਼ਹਿਰ ਵਿਚੋਂ ਤੁਰਨ ਲੱਗੇ ਮਰੀ ਮਾਂ ਦੀ ਮੜ੍ਹੀ ਤੇ ।

### ਸ਼ੇਅਰ

ਹਾਲ ਪੁੱਤਾਂ ਦਾ ਉੱਠ ਕੇ ਵੇਖ ਲੈ ਤੂੰ,
ਤੈਨੂੰ ਦੁਖ ਸੁਣੌਣ ਲਈ ਆਇਆ ਨੀ ਮਾਂ!
ਏਨਾ ਦੁਖ ਨਾ ਹੋਇਆ ਸੀ ਉਦੋਂ ਮੈਨੂੰ,
ਜਦੋਂ ਤੈਨੂੰ ਸੀ ਲਾਂਬੂ ਲਗਾਇਆ ਨੀ ਮਾਂ!
ਤੇਰੇ ਨਾਲ ਜੋ ਪਿਤਾ ਨੇ ਬਚਨ ਕੀਤਾ,
ਅੱਜ ਵੇਖ ਲੈ ਦਿਲੋਂ ਭੁਲਾਇਆ ਨੀ ਮਾਂ!
ਕਿਸੇ ਡੈਣ ਨੇ ਮਾਰ ਕੇ ਝਪਟ ਕਹਿਰੀ,
ਤੇਰੀਆਂ ਆਂਦਰਾਂ ਨੂੰ ਹੱਥ ਪਾਇਆ ਨੀ ਮਾਂ!

### ਕੋਰੜਾ ਛੰਦ

1. ਦੋਹਵੇਂ ਵੀਰ ਲੱਗੇ ਜਾਂ ਤੁਰਨ ਸ਼ਹਿਰ ਤੋਂ ।
ਦੰਗ ਰਹਿਗੇ ਲੋਕ ਮਤਰੇਈ ਦੇ ਕਹਿਰ ਤੋਂ ।
ਬਿਪਤਾ ਦੇ ਵੇਲੇ ਤੈਨੂੰ ਵਾਜਾਂ ਮਾਰੀਏ ।
ਦੇ ਦੇ ਵਾਜ ਕੇਰਾਂ ਅੰਮੀਏਂ ਪਿਆਰੀਏ ।



2. ਇਕ ਵੇਰੀ ਅੰਮੀਏਂ ਮੜ੍ਹੀ ਚੋਂ ਬੋਲ ਨੀ ।
ਰੋਂਦੇ ਨੇ ਪੁੱਤ ਤੇਰੇ ਖੜੇ ਕੋਲ ਨੀ ।
ਛਮ-ਛਮ ਅੱਖੀਆਂ ਚੋਂ ਹੰਝੂ ਡਾਰੀਏ ।
ਇਕ ਵੇਰਾਂ ਬੋਲ ਅੰਮੀਏਂ ਪਿਆਰੀਏ ।

3. ਕੀਤੇ ਜੋ ਬਚਨ ਅੱਜ ਰਾਜਾ ਭੁੱਲਿਆ ।
ਤੇਰਿਆਂ ਪੁਤਾਂ ਤੇ ਵੇਖ ਕਹਿਰ ਝੁੱਲਿਆ ।
ਤੇਰਿਆਂ ਫੁੱਲਾਂ ਦੀ ਸੁੱਕ ਗਈ ਕਿਆਰੀ ਏ ।
ਇਕ ਵੇਰਾਂ......

4. ਕੱਢ ਦਿਤੇ ਘਰੋਂ ਮਾਤਾ ਮਤਰੇਈ ਨੇ ।
ਗੋਲਿਆ ਸੀ ਰਾਮ ਜਿਤਰਾਂ ਕਕੇਈ ਨੇ ।
ਲੂਣਾ ਨਾਲੋਂ ਵੱਧ ਇਹ ਤਾਂ ਹਤਿਆਰੀ ਏ ।
ਇਕ ਵੇਰਾਂ......

5. ਰੱਖਦੀ ਜਿਨ੍ਹਾਂ ਨੂੰ ਲਾ ਕੇ ਸੀਨੇ ਨਾਲ ਨੀ ।
ਅੱਜ ਮਾਤਾ ਵੇਖ ਲੈ ਪੁੱਤਾਂ ਦਾ ਹਾਲ ਨੀ ।
ਝੁਰਦੇ ਹਾਂ ਖੜੇ ਵਾਂਗਰਾਂ ਜੁਵਾਰੀਏ,
ਇਕ ਵੇਰਾਂ......

6. ਤੇਰਿਆਂ ਚੰਨਾਂ ਨੂੰ ਲੱਗ ਗਿਆ ਗ੍ਰਹਿਣ ਨੀ ।
ਘੂਰਦੀ ਹੈ ਸਾਨੂੰ ਮਤਰੇਈ ਡੈਣ ਨੀ ।
ਜੰਗਲਾਂ ਨੂੰ ਸਾਡੀ ਜਾਣ ਦੀ ਤਿਆਰੀ ਏ ।
ਇਕ ਵੇਰਾਂ......

7. ਮਰ ਜਾਣ ਮਾਤਾ ਜਿਹਨਾਂ ਦੀਆਂ ਮਾਵਾਂ ਨੀ ।
ਜਾਂਦੀਆਂ ਨੇ ਭੱਜ ਡੌਲਿਆਂ ਤੋਂ ਬਾਹਵਾਂ ਨੀ ।
ਭੁਲਦਾ ਨਾ ਦੁਖ ਇਹ ਉਮਰ ਸਾਰੀ ਏ ।
ਇਕ ਵੇਰਾਂ......

8. ਵੇਖ ਵੇਖ ਹੌਕੇ ਸੰਸਾਰ ਭਰੇ ਜੀ ।
ਰੱਬਾ ਸਕੀ ਮਾਂ ਨਾ ਕਿਸੇ ਦੀ ਮਰੇ ਜੀ ।
ਇਹੋ ਅਰਦਾਸ ਕਰਦਾ ਲਿਖਾਰੀ ਏ ।
ਇਕ ਵੇਰਾਂ......

*

## ਪ੍ਰਸੰਗ ਚਾਲੀ ਮੁਕਤੇ

# ਸ਼ਹੀਦੀ ਭਾਈ ਮਹਾਂ ਸਿੰਘ ਜੀ

17 ਸੌ ਚਾਰ ਈ: 22 ਜੇਠ ਦਾ ਦਿਨ ਸੀ ਜਦੋਂ 10 ਲੱਖ ਵੈਰੀ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰੇ ਪਾ ਲਏ। ਇਹ ਘੇਰਾ 8 ਮਹੀਨੇ ਰਿਹਾ, ਪ੍ਰਸਾਦੀ ਹਾਥੀ ਤੇ ਨੀਲਾ, ਦਲਸੰਗਾਰ ਘੋੜਾ ਵੀ ਭੁੱਖ ਨਾਲ ਮਰ ਗਏ। 10 ਹਜਾਰ ਲੜਾਕੇ ਸਿੰਘਾ ਵਿਚੋਂ ਵੀ ਕੇਵਲ ਦੋ ਹਜਾਰ ਸਿੰਘ ਜੀਉਂਦੇ ਰਹਿ ਗਏ।

ਅੰਨ ਦੇ ਭੰਡਾਰੇ ਮੁੱਕ ਗਏ। ਇਤਿਹਾਸ ਵਿੱਚ ਆਉਂਦਾ ਹੈ ਕਿ ਬਿਰਛਾਂ ਦੇ ਪੱਤੇ ਕੀ, ਸਿੰਘ ਸੱਕ ਵੀ ਲਾਹ ਕੇ ਖਾ ਗਏ।

ਗੱਲ 'ਫਰੀਦਾ ਮੌਤੋਂ ਭੁਖ ਬੁਰੀ' ਵਾਲੀ ਬਣ ਗਈ। ਭੁੱਖੇ ਤਿਹਾਏ ਸਿੰਘ ਅੜ-ਅੜ ਕੇ ਡਿੱਗਣ ਲੱਗ ਪਏ। ਉੱਧਰ ਵੈਰੀ ਦਲ ਨੇ ਚਾਲ ਖੇਡੀ ਕਿ ਜਿਹੜਾ ਸਿੰਘ ਆਪਣੀ ਜਾਨ ਬਚਾ ਕੇ ਗੁਰੂ ਗੋਬਿੰਦ ਸਿੰਘ ਦਾ ਸਾਥ ਛੱਡ ਕੇ ਘਰ ਨੂੰ ਜਾਣਾ ਚਾਹੇ ਉਸ ਉਤੇ ਹਮਲਾ ਨਹੀਂ ਕੀਤਾ ਜਾਵੇਗਾ।

ਇਹ ਚਾਲ ਦੁਸ਼ਮਣ ਦੀ ਬਹੁਤ ਸਾਰੀ ਕਾਮਯਾਬ ਹੋਈ। ਭੁੱਖ ਤੋਂ ਦੁਖੀ ਹੋ ਕੇ ਕੁਝ ਸਿੰਘਾ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਦੇ ਦਿਤਾ, ਜਿਸਦਾ ਅਰਥ ਹੈ ਕਿ ਗੁਰੂ ਗੋਬਿੰਦ ਸਿੰਘ ਸਾਡਾ ਗੁਰੂ ਨਹੀਂ ਤੇ ਅਸੀਂ ਗੁਰੂ ਗੋਬਿੰਦ ਸਿੰਘ ਦੇ ਸਿੰਘ ਨਹੀਂ। ਬੇਦਾਵਾ ਲਿਖਣ ਵਾਲੇ ਸਾਰੇ ਇਲਾਕਿਆਂ ਦੇ ਸਨ ਪਰ ਜਦੋਂ ਮਾਝੇ ਦੇ ਸਿੰਘ ਆਪਣੇ ਘਰਾਂ ਵਿਚ ਪਹੁੰਚੇ, ਜਦੋਂ ਸਿੱਖ ਬੀਬੀਆਂ ਨੂੰ ਪਤਾ ਲੱਗਾ ਕਿ ਸਿੰਘ ਬੇਮੁਖ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਦਾਵਾ ਲਿਖ ਕੇ ਮਾਝੇ ਦੇ ਮੱਥੇ ਤੇ ਕਲੰਕ ਲਾ ਕੇ ਆ ਗਏ ਨੇ ਤਾਂ ਸਿੱਖ ਬੀਬੀਆਂ ਨੇ ਸਿੱਖਾਂ ਦਾ ਇਕੱਠ ਬੁਲਾ ਕੇ ਜਿਵੇਂ ਇਹਨਾਂ ਨੂੰ ਤਾਹਨੇ ਮਿਹਣੇ ਮਾਰੇ ਉਸ ਵੇਲੇ ਦਾ ਵੇਰਵਾ ਇਉ ਬਿਆਨ ਕੀਤਾ ਜਾਂਦਾ ਹੈ—

### ਦੋਤਾਰਾ ਛੰਦ

1

ਭੁੱਖ ਵੇਲੇ ਡੋਲ ਗਏ,
ਆ ਗਏ ਦੇ ਕੇ ਘਰੀਂ ਬੇਦਾਵੇ।
ਗੁਰੂ ਨਾਨਕ ਦੇ ਘਰ ਚੋਂ,
ਕਰਤੇ ਖਤਮ ਸਦਾ ਲਈ ਦਾਹਵੇ।
ਮਾਝੇ ਦੀ ਧਰਤੀ ਤੋਂ,
ਕਿਥੇ ਕਰੋਗੇ ਗੱਲ ਖਲੋ ਕੇ।



ਸਿੰਘੋ ਬੇਗੈਰਤਿਓ,
ਮਰ ਜਾਓ ਚੱਪਣੀ ਨੱਕ ਡਬੋ ਕੇ।

2

ਅੱਜ ਭੁੱਲ ਗਏ ਉਸ ਤਾਂਈਂ,
ਜਿਹੜਾ ਨੀਚੋਂ ਉਚ ਬਣੌਂਦਾ।
ਰੁੜ੍ਹ ਚੱਲੀ ਹਿੰਦ ਤਾਂਈਂ,
ਜਿਹੜਾ ਸੀਸ ਬਾਪ ਦਾ ਲਾਉਂਦਾ।
ਹਿੰਦੀਆਂ ਦੇ ਪਿੱਛੇ ਜਾਂ,
ਰੰਗਾ ਪੈ ਗਿਆ ਸੀ ਹੱਥ ਧੋ ਕੇ।
ਸਿੰਘੋ ਬੇਗੈਰਤਿਓ.........

3

ਖੰਡੇ ਦੀ ਧਾਰ ਵਿਚੋਂ,
ਜਿਸ ਨੇ ਖਾਲਸਾ ਪੰਥ ਸਜਾਇਆ।
ਉਸ ਦੇ ਬਲਬੀਰਾਂ ਨੇ,
ਖੂਨੀ ਹਾਥੀਆਂ ਤਾਂਈਂ ਭਜਾਇਆ।
ਬਾਜ਼ਾਂ ਨੂੰ ਮਾਰਗੀਆਂ,
ਚਿੜੀਆਂ ਅੰਮ੍ਰਿਤ ਬੂੰਦ ਨੂੰ ਛੋਹ ਕੇ।
ਸਿੰਘੋ ਬੇਗੈਰਤਿਓ.........

4

ਨਾਂ ਬੁਰਾ ਨਗੁਰਿਆਂ ਦਾ,
ਕਹਿੰਦੀ ਹੈ ਬਾਬੇ ਦੀ ਬਾਣੀ।
ਮਾਝੇ ਦੀ ਅਣਖ ਉੱਤੇ,
ਆ ਗਏ ਫੇਰ ਸਦਾ ਲਈ ਪਾਣੀ।
ਤਾਹਨੇ ਮਾਂ ਭਾਗੋ ਨੇ ਮਾਰੇ,
ਸਭ ਤੋਂ ਅੱਗੇ ਹੋ ਕੇ।
ਸਿੰਘੋ ਬੇਗੈਰਤਿਓ.........

5

ਅੱਜ ਵੇਲੇ ਬਿਪਤਾ ਦੇ,
ਛੱਡ ਕੇ ਸਾਥ ਗੁਰਾਂ ਦਾ ਆਏ।
ਮਾਝੇ ਦੀਆਂ ਮਾਂਵਾਂ ਦੇ,
ਚੁੰਘੇ ਦੁੱਧ ਨਾ ਸਫਲ ਬਣਾਏ।

ਖੋਹਲੇ ਜੋ ਸਿਰ ਦੇ ਕੇ,
ਆ ਗਏ ਬੂਹੇ ਸੁਰਗ ਦੇ ਢੋਅ ਕੇ ।
ਸਿੰਘੋ ਬੇਗੈਰਤਿਓ.........

6

ਡਾਹ ਪੀਹੜੇ ਬੈਠ ਜਾਓ,
ਲਾਹ ਕੇ ਸਾਨੂੰ ਦਿਓ ਪਰਾਂਦੇ ।
ਪਾ ਵੰਗਾਂ ਬੈਠ ਜਾਓ,
ਫਿਰਦੇ ਕੜੇ ਕਿਉਂ ਛਣਕਾਂਦੇ,
ਅਸੀਂ ਰਣ ਵਿੱਚ ਲੜਾਂਗੀਆਂ,
ਬਹਿ ਜੋ ਤੁਸੀਂ ਚੱਕੀਆਂ ਝੋ ਕੇ ।
ਸਿੰਘੋ ਬੇਗੈਰਤਿਓ.........

7

ਜਦ ਮਾਤਾ ਭਾਗੋ ਨੇ,
ਦਿੱਤੀ ਪਿੰਡਾਂ ਵਿਚ ਦੁਹਾਈ ।
ਫਿਰ ਮਹਾਂ ਸਿੰਘ ਸੂਰੇ ਨੇ,
ਸਭ ਤੋਂ ਪਹਿਲਾਂ ਤੇਗ ਉਠਾਈ ।
ਜਰਨੈਲ ਕਵੀਸ਼ਰ ਨੇ,
ਲਿਖਣੇ ਸੋਹਣੇ ਛੰਦ ਪਰੋ ਕੇ ।
ਸਿੰਘੋ ਬੇਗੈਰਤਿਓ.........

ਜਿਸ ਸਿੱਖ ਬੀਬੀ ਮਾਤਾ ਭਾਗ ਕੌਰ ਨੇ ਸਿੰਘਾਂ ਨੂੰ ਤਾਹਨੇ ਮਿਹਣੇ ਮਾਰੇ ਉਸ ਬੀਬੀ ਦੇ ਵਡੇਰੇ ਢਿਲੋਂ ਗੋਤ ਦੇ ਚੌਧਰੀ ਜਿਨ੍ਹਾਂ ਨੂੰ ਤਿੰਨ ਲੱਖੀ ਚੌਧਰੀ ਕਿਹਾ ਜਾਂਦਾ ਸੀ ।

ਭਾਈ ਲੰਗਾਹਾ ਜੀ ਗੁਰੂ ਅਰਜਨ ਦੇਵ ਮਹਾਰਾਜ ਦੇ ਸਿੱਖ ਬਣੇ ਤੇ ਲੰਗਾਹਾ ਦੇ ਭਰਾਤਾ ਬਾਬਾ ਪੈਰੋ ਸ਼ਾਹ ਜੀ ਹੋਏ ਨੇ ਤੇ ਇਹ ਮਾਤਾ ਭਾਗੋ ਦੇ ਦਾਦਾ ਜੀ ਸਨ ।

ਬਾਬਾ ਮਾਹਲੇ ਸ਼ਾਹ ਜੀ ਦੇ ਘਰ ਛੇਵੇਂ ਪਾਤਸ਼ਾਹ ਦੇ ਯੁੱਗ ਵਿੱਚ ਭਾਗੋ ਦਾ ਜਨਮ ਹੋਇਆ। ਤਾਰਾ ਸਿੰਘ ਤੇ ਦਿਲਬਾਗ ਸਿੰਘ ਇਸ ਦੇ ਦੋ ਭਰਾ ਜੋ ਮੁਕਤਸਰ ਦੇ ਸ਼ਹੀਦ ਚਾਲੀ ਮੁਕਤਿਆਂ ਵਿਚ ਸ਼ਹੀਦ ਹੋਏ ।

ਮਾਤਾ ਭਾਗੋ ਨੇ 5 ਗੁਰੂ ਸਾਹਿਬ ਦੇ ਅੱਖੀਂ ਦਰਸ਼ਨ ਕੀਤੇ, ਪੰਥ ਦੀ ਬਹੁਤ ਸੇਵਾ ਕੀਤੀ

ਕਲਗੀਧਰ ਪਿਤਾ ਜੀ ਤੋਂ ਅੰਮ੍ਰਿਤ ਪਾਨ ਕੀਤਾ। ਭੱਟ ਵਹੀਆਂ ਵਿਚ ਇਸ ਦੇ ਪਤੀ ਦਾ ਨਾਮ ਨਿਧਾਨ ਸਿੰਘ ਵੜੈਚ ਤੇ ਸੌਹਰੇ ਦਾ ਨਾਮ ਬਾਬਾ ਦੇਸਰਾਜ



ਜੀ ਲਿਖਿਆ ਹੈ। ਇਹ ਬੀਬੀ ਪੱਟੀ ਵਿੱਚ ਵਿਆਹੀ ਹੋਈ ਸੀ ਤੇ ਇਸ ਦੇ ਘਰ ਵਿਚ ਕੋਈ ਔਲਾਦ ਨਹੀਂ ਹੈ।

## ਮਾਤਾ ਭਾਗ ਕੌਰ ਦੀ ਜੀਵਨ ਗਾਥਾ
## ਇੱਕ ਛੰਦ ਵਿੱਚ ਇਉਂ ਸਰਵਣ ਕਰੋ ਜੀ !
## ਟਰਨ ਛੰਦ

1

ਮਾਂ ਭਾਗੋ ਦੀ ਵਿਥਿਆ,
ਕਹੇ ਜਰਨੈਲ ਲਖਾਰੀ ਜੀ ।
ਜਿਸ ਦੀ ਜੀਵਨ ਗਾਥਾ,
ਸੰਗਤੋ ਬਹੁਤ ਪਿਆਰੀ ਜੀ ।
ਜਨਮ ਹਵਾਲੇ ਮਿਲਦੇ,
ਛੇਵੇਂ ਗੁਰ ਦੇ ਕਾਲ ਦੇ ।
ਮਾਤਾ ਭਾਗੋ ਜਨਮੀ,
ਨਗਰ ਵਿਚ ਝਬਾਲ ਦੇ ।

2

ਪੰਜਵੇਂ ਗੁਰੂ ਦਾ ਸੇਵਕ,
ਭਾਈ ਲੰਗਾਹ ਜੀ ਹੋਇਆ ਏ ।
ਜਿਸ ਦਾ ਛੋਟਾ ਵੀਰਾ,
ਪੈਰੋ ਸ਼ਾਹ ਜੀ ਹੋਇਆ ਏ ।
ਛੇਵੇ ਗੁਰੂ ਦੇ ਵੇਲੇ,
ਘਾਲਾਂ ਰਹੇ ਜੋ ਘਾਲਦੇ ।
ਮਾਤਾ ਭਾਗੋ.........

3

ਪੈਰੋ ਸ਼ਾਹ ਦਾ ਪੁੱਤਰ ਹੋਇਆ,
ਮਾਹਲੇ ਸ਼ਾਹ ਜੀ ।
ਜਿਸ ਦੇ ਘਰ ਵਿੱਚ ਜਨਮੀ,
ਅਣਖੀ ਸ਼ੋਹਣੀ ਆ ਜੀ ।
ਪੁੱਤਰਾਂ ਵਾਂਗੂ ਮਾਪੇ,
ਜਿਸ ਨੂੰ ਰਹੇ ਸੰਭਾਲਦੇ
ਮਾਤਾ ਭਾਗੋ.........

4

ਪੰਜ ਗੁਰੂਆਂ ਦੇ ਦਰਸ਼ਨ,
ਉਸਨੇ ਅੱਖੀਂ ਕੀਤੇ ਸਨ ।
ਦਸਮ ਪਿਤਾ ਤੋਂ ਅਮਰ ਪਿਆਲੇ,
ਭਰ ਭਰ ਪੀਤੇ ਸਨ ।
ਸਾਹਿਬ ਜੁਝਾਰ ਨੂੰ ਸੁਣਿਆਂ,
ਹੱਥੀਂ ਰਹਿ ਖਿਡਾਲਦੇ ।
ਮਾਤਾ ਭਾਗੋ........

5

ਮਰਦਾਂ ਵਾਲਾ ਪਾ ਕੇ ਰੱਖਦੀ,
ਜੰਗੀ ਬਾਣਾ ਉਹ ।
ਪੜ੍ਹਦੀ ਰਹੇ ਗੁਰੂ ਬਾਣੀ,
ਮੰਨਦੀ ਰੱਬ ਦਾ ਭਾਣਾ ਉਹ ।
ਮੋਢੇ ਉਤੇ ਦਰਸ਼ਨ ਹੁੰਦੇ,
ਤੇਗ ਤੇ ਢਾਲ ਦੇ ।
ਮਾਤਾ ਭਾਗੋ.........

6

ਤਾਰਾ ਸਿੰਘ ਦਿਲਬਾਗ ਸਿੰਘ ਦੇ,
ਉਸ ਦੇ ਭਾਈ ਸਨ ।
ਮੰਨੇ ਵਿੱਚ ਦਨਾਵਾਂ,
ਕਰਦੇ ਨੇਕ ਕਮਾਈ ਸਨ ।
ਲੋੜ ਪਵੇ ਤਾਂ ਰਣ-ਭੂਮੀ ਵਿਚ,
ਜੌਹਰ ਵਿਖਾਲਦੇ ।
ਮਾਤ ਭਾਗੋ..........

7

ਨਿਧਾਨ ਸਿੰਘ ਦੇ ਨਾਲ ਉਹ,
ਪੱਟੀ ਵਿਚ ਵਿਆਹੀ ਹੈ ।
ਭੱਟ ਵਹੀਆਂ ਚੋਂ ਲਿਖਤ ਦਾਸ ਨੇ,
ਪੜ੍ਹੀ ਪੜ੍ਹਾਈ ਹੈ ।
ਦੇਸਰਾਜ ਹੈ ਸੌਹਰਾ,
ਬੰਦੇ ਬਹੁਤ ਕਮਾਲ ਦੇ ।
ਮਾਤਾ ਭਾਗੋ........



8

ਜਰਨੈਲ ਸਿੰਘਾ ਲਿਖ ਗਾਥਾ,
ਅੱਗੇ ਮਰਦ ਮਝੈਲਾਂ ਦੀ ।
ਸੁੱਤੀ ਅਣਖ ਜਗਾਈ,
ਜਿਨ ਜੰਗੀ ਜਰਨੈਲਾਂ ਦੀ ।
ਸਾਥੀ ਮੁਸ਼ਕਲ ਮਿਲਦੇ,
ਮੇਜਰ ਭਗਵਨ ਨਾਲ ਦੇ ।
ਮਾਤਾ ਭਾਗੋ......

ਸਿੰਘਣੀਆਂ ਦੇ ਤਾਹਨੇ ਸੁਣ ਕੇ ਭਾਈ ਸਾਹਿਬ ਭਾਈ ਮਹਾ ਸਿੰਘ ਨੇ ਫੇਰਿਆ ਘੋੜਾ ਪਿੰਡਾਂ ਵਿਚ ਤੇ ਕੀਤਾ ਸਿੰਘਾ ਨੂੰ ਇਕੱਠਿਆ । ਕੁਦਰਤ ਦਾ ਕਾਰਨ ਉਧਰ ਬੀਬੀ ਭਾਗ ਕੌਰ ਦਾ ਸੌਹਰਾ ਬਾਬਾ ਦੇਸਰਾਜ ਚੜ੍ਹਾਈ ਕਰ ਗਿਆ ਭਾਵ ਉਸਦੀ ਮੌਤ ਹੋ ਗਈ ।

ਉਸ ਦੇ ਭੋਗ ਉੱਪਰ ਸਾਰੇ ਸਿੰਘ ਇਕੱਠੇ ਹੋਏ । ਮਾਤਾ ਭਾਗ ਕੌਰ ਤੇ ਹੋਰ ਸਿੱਖ ਮਾਵਾ ਨੇ ਤਾਹਨੇ ਮਿਹਣੇ ਮਾਰੇ । ਸੁਣ ਕੇ ਭਾਈ ਮਹਾਂ ਸਿੰਘ ਤੇ ਉਸ ਦੇ ਸਾਥੀ ਫੱਟੜ ਸ਼ੇਰ ਦੀ ਤਰ੍ਹਾਂ ਤੜਫ ਉੱਠੇ ਤੇ ਦਸਮ ਪਿਤਾ ਗੁਰੂ ਕਲਗੀਧਰ ਤੋਂ ਭੁੱਲ ਬਖਸ਼ਾਵਣ ਲਈ ਸਿੰਘਾ ਦਾ ਜਥਾ ਮਾਝੇ ਤੋਂ ਮਾਲਵੇ ਦੀ ਧਰਤੀ ਵੱਲ ਰਵਾਨਾ ਇਉ ਹੋਇਆ—

## ਦਵੱਈਆ ਛੰਦ

1

ਲੱਗੀ ਬੋਲੀ ਮਹਾਂ ਸਿੰਘ ਨੂੰ,
ਪਾਰੇ ਵਾਂਗਰ ਤੜਫੇ ।
ਪੈ ਗਈ ਅੱਗ ਬਰੂਦ ਤੇ ਜਿਵੇਂ,
ਦਿਲ ਵਿੱਚ ਭਾਂਬੜ ਭੜਕੇ ।
ਫਿਰਕੇ ਗਏ ਸਨ ਲੂਣ ਸਮਝ ਲਉ,
ਜ਼ਖਮ ਅਜੇ ਸੀ ਅੱਲੇ ।
ਦਸਮ ਪਿਤਾ ਤੋਂ ਭੁੱਲ ਬਖਸ਼ਾਵਣ,
ਮਰਦ ਮਾਝਿਓਂ ਚੱਲੇ ।

2

ਭਾਗੋ ਦੇ ਘਰ ਇਕੱਠ ਬੁਲਾ ਕੇ,
ਮਹਾਂ ਸਿੰਘ ਲਲਕਾਰੇ ।
ਦੇਸਰਾਜ ਦੇ ਭੋਗ ਦੇ ਉਪਰ,
ਕੱਠੇ ਹੋਏ ਸਿੰਘ ਸਾਰੇ ।

ਸਿੱਖ ਬੀਬੀਆਂ ਮਿਹਣੇ ਮਾਰੇ,
ਸੁਣ ਕੇ ਗਏ ਨਾ ਝੱਲੇ ।
ਦਸਮ ਪਿਤਾ ਤੋਂ ਭੁੱਲ ਬਖਸ਼ਾਵਣ,
ਮਰਦ ਮਾਝਿਓਂ ਚੱਲੇ ।

3

ਕਿੱਲੀਆਂ ਉੱਪਰ ਟੰਗੇ ਸ਼ਸਤਰ,
ਲਾਹ ਲੈ ਫੇਰ ਦੁਬਾਰੇ ।
ਨੇਜ਼ੇ ਬਰਛੇ ਤੀਰ ਕਮਾਨਾਂ,
ਚੱਕਰਾਂ ਦੇ ਚਮਕਾਰੇ ।
ਗਿੱਲ ਵੜੈਚ ਢਿੱਲੋਂ ਤੇ ਸੰਧੂ,
ਨਾਲ ਰਲੇ ਕੁਝ ਭੱਲੇ ।
ਦਸਮ ਪਿਤਾ ਤੋਂ ਭੁੱਲ ਬਖਸ਼ਾਵਣ,
ਮਰਦ ਮਾਝਿਓਂ ਚੱਲੇ ।

4

ਪੱਥਰਾਂ ਉੱਤੇ ਰਗੜ ਰਗੜ ਕੇ,
ਤਿੱਖੀਆਂ ਕਰ ਤਲਵਾਰਾਂ ।
ਤੀਰਾਂ ਦੇ ਨਾਲ ਭਰ ਲਏ ਭੱਥੇ,
ਜੰਗੀ ਸ਼ਾਹ ਅਸਵਾਰਾਂ ।
ਜਿਹੜੇ ਰਾਹਾਂ ਵਿਚ ਦੀ ਲੰਘਣ,
ਲੋਕ ਕਹਿਣ ਪਏ ਬੱਲੇ ।
ਦਸਮ ਪਿਤਾ ਤੋਂ ਭੁੱਲ ਬਖਸ਼ਾਵਣ,
ਮਰਦ ਮਾਝਿਓਂ ਚੱਲੇ ।

5

ਛੱਡ ਅਨੰਦਪੁਰ ਜੁਝ ਜੰਗਾਂ ਵਿਚ,
ਲਾਲ ਵਾਰ ਕੇ ਚਾਰੇ ।
ਵਿੱਚ ਮਾਲਵੇ ਦੀਨੇ ਕਾਂਗੜ,
ਸੁਣਿਆਂ ਗੁਰੂ ਪਧਾਰੇ ।
ਉਧਰ ਸੁਣਿਆਂ ਖਾਨ ਵਜੀਦਾ,
ਸਖਤ ਸੁਨੇਹੇ ਘੱਲੇ ।
ਦਸਮ ਪਿਤਾ ਤੋਂ ਭੁੱਲ ਬਖਸ਼ਾਵਣ,
ਮਰਦ ਮਾਝਿਓਂ ਚੱਲੇ ।



6

ਉਧਰ ਚੜ੍ਹਿਆ ਖਾਨ ਸਰੰਦੋਂ,
ਲੈ ਕੇ ਲਸ਼ਕਰ ਲਾਣੇ ।
ਦਸਮ ਪਾਤਸ਼ਾਹ ਲੰਘ ਕੇ ਜੈਤੋ,
ਪਹੁੰਚੇ ਰਾਮੇਆਣੇ ।
ਤੇਗ ਉਠੰਣੀ ਧਰਮ ਮਰਦ ਦਾ,
ਜਦੋਂ ਨਾ ਦੁਸ਼ਮਣ ਟੱਲੇ ।
ਦਸਮ ਪਿਤਾ ਤੋਂ ਭੁੱਲ ਬਖਸ਼ਾਵਣ,
ਮਰਦ ਮਾਝਿਓਂ ਚੱਲੇ ।

7

ਉਧਰ ਭਾਈ ਮਹਾਂ ਸਿੰਘ ਜੀ,
ਲੰਮੇ ਪੰਧ ਮੁਕਾ ਕੇ ।
ਆਣ ਮਿਲੇ ਸਨ ਰਾਮੇਆਣੇ,
ਰਸਤਾ ਪੁੱਛ ਪੁਛਾ ਕੇ ।
ਜਰਨੈਲ ਸਿੰਘਾ ਫਿਰ ਤਰਲੇ ਕਰਦੇ,
ਗਲ ਵਿੱਚ ਪਾ ਕੇ ਪੱਲੇ ।
ਦਸਮ ਪਿਤਾ ਤੋਂ ਭੁੱਲ ਬਖਸ਼ਾਵਣ,
ਮਰਦ ਮਾਝਿਓਂ ਚੱਲੇ ।

ਉਧਰ ਕਲਗੀਧਰ ਪਾਤਸ਼ਾਹ ਜੀ ਨੂੰ ਪੱਤਾ ਲੱਗਾ ਕਿ ਅੱਠ ਹਜ਼ਾਰ ਫੌਜ ਲੈ ਕੇ ਵਜ਼ੀਰ ਖਾਂ ਸਰਹੰਦ ਤੋਂ ਚੜ੍ਹ ਪਿਆ ਹੈ । ਗੁਰੂ ਸਾਹਿਬ ਦੀਨੇ ਤੋਂ ਤੁਰ ਪਏ, ਬਹਿਬਲ ਢਿਲਵਾਂ ਤੋਂ ਕੋਟਕਪੂਰੇ ਤੋਂ ਹੁੰਦੇ ਹੋਏ ਰਾਮੇਆਣੇ ਪਹੁੰਚੇ, ਤਾਂ ਏਧਰੋਂ ਭਾਈ ਮਹਾਂ ਸਿੰਘ ਜੀ ਸਾਥੀਆਂ ਨੂੰ ਲੈ ਕੇ ਆਣ ਪਹੁੰਚੇ ਤੇ ਹੱਥ ਜੋੜ ਕੇ ਬੇਨਤੀ ਕੀਤੀ- ਹੇ ਸੱਚੇ ਪਾਤਸ਼ਾਹ ਜੀ ! ਅਸੀਂ ਆ ਗਏ ਹਾਂ, ਕਿਰਪਾ ਕਰ ਕੇ ਸਾਡੀ ਭੁੱਲ ਬਖਸ਼ ਦਿਓ । ਕਲਗੀਧਰ ਜੀ ਵਜਦ ਵਿੱਚ ਆ ਕੇ ਬੋਲੇ ਸਾਨੂੰ ਤੁਹਾਡੀ ਕੋਈ ਲੋੜ ਨਹੀਂ, ਜਦੋਂ ਲੋੜ ਸੀ ਉਦੋਂ ਤੁਸੀਂ ਸਾਨੂੰ ਬੇਦਾਵਾ ਦੇ ਕੇ ਆ ਗਏ । ਇਹ ਕਹਿ ਕੇ ਕਲਗੀਧਰ ਪਾਤਸ਼ਾਹ ਅੱਗੇ ਵੱਲ ਨੂੰ ਤੁਰ ਪਏ । ਕੁਝ ਸੋਚਣ ਤੋਂ ਬਾਅਦ ਭਾਈ ਮਹਾਂ ਸਿੰਘ ਜੀ ਵੀ ਆਪਣੇ ਸਾਥੀਆਂ ਸਮੇਤ ਪਿਛੇ-ਪਿਛੇ ਚੱਲ ਪਏ । ਖਦਰਾਣਾ ਪਹੁੰਚ ਕੇ ਮਹਾਰਾਜ ਜੀ ਨੇ ਟਿੱਬੀ ਸਾਹਿਬ ਤੇ ਮੋਰਚੇ ਮੱਲ ਲੈ, ਬਾਕੀ ਫੌਜਾਂ ਪਾਣੀ ਦੀ ਢਾਬ ਨੂੰ ਘੇਰਾ ਪਾ ਕੇ ਬੈਠ ਗਈਆਂ ਜਿਹੜੇ ਪਾਸਿਓਂ ਸੂਬੇਦਾਰ ਵਜ਼ੀਰ ਖਾਂ ਚੜ੍ਹਿਆ ਆ ਰਿਹਾ ਸੀ ਉਸ ਪਾਸੇ ਸਭ ਤੋਂ ਅੱਗੇ ਹੋ ਕੇ ਭਾਈ ਮਹਾਂ ਸਿੰਘ ਰਟੌਲ ਨੇ ਆਪਣੇ ਸਾਥੀਆਂ ਨੂੰ ਲਲਕਾਰ ਕੇ ਕਿਹਾ ਬਹਾਦਰੋ ਹੁਣ ਵੇਲਾ ਹੈ ਗੁਰੂ ਜੀ ਦੀਆਂ ਖੁਸ਼ੀਆਂ ਲੈਣ ਦਾ, ਮੇਰੇ ਬਹਾਦਰੋ, ਅੱਗੇ ਹੋ ਕੇ ਵੈਰੀ ਦਲ ਤੇ ਹਮਲਾ ਕਰੀਏ । ਸਭ ਤੋਂ

ਪਹਿਲਾਂ ਭਾਈ ਮਹਾਂ ਸਿੰਘ ਦੇ ਜਥੇ ਨੇ ਵੈਰੀ ਤੇ ਹੱਲਾ ਬੋਲ ਦਿੱਤਾ। ਦੂਜੇ ਪਾਸੇ ਟਿੱਬੀ ਸਾਹਿਬ ਤੋਂ ਕਲਗੀਧਰ ਪਾਤਸ਼ਾਹ ਜੀ ਨੇ ਤੀਰਾਂ ਦੀ ਝੜੀ ਲਾ ਦਿੱਤੀ। ਉਸ ਵੇਲੇ ਦਾ ਸੀਨ ਇਉਂ ਬਿਆਨ ਹੈ–

## (ਲਹਿਰੀਆਂ ਛੰਦ)

1

*ਫੌਜ ਅੱਗੇ ਵਧੀ ਜਦੋਂ ਜਰਵਾਣੇ ਦੀ ।*
*ਢਾਬ ਮੱਲ ਲਈ ਸੀ ਸਿੰਘਾਂ ਖਦਰਾਣੇ ਦੀ ।*
*ਮੌਤ ਕੂਕਦੀ ਹੈ ਤੁਰਕਾਂ ਦੇ ਲਾਣੇ ਦੀ ।*
*ਜਿਹੜੇ ਗੱਲੀਂ-ਬਾਤੀਂ ਦਸਵੇਂ ਗੁਰਾਂ ਨੂੰ ਫੜਦੇ ।*
*ਜਾਨਾਂ ਤਲੀ ਉੱਤੇ ਰੱਖ ਕੇ ਮਝੈਲ ਲੜਦੇ ।*

2

*ਬੈਠੇ ਟਿੱਬੀ ਸਾਹਿਬ ਵਾਲੀ ਦੋ ਜਹਾਨ ਦੇ ।*
*ਬੋਲੇ ਗੱਜ ਕੇ ਅਨੋਖੀ ਵਿਚ ਸ਼ਾਨ ਦੇ ।*
*ਤੰਦੀ ਕੱਸ ਲਈ ਹੈ ਉਪਰ ਕਮਾਨ ਦੇ ।*
*ਜ਼ੋਰੀਂ ਛੱਡਦਾ ਜੈਕਾਰੇ ਹਿੰਦ ਵਾਲਾ ਪੀਰ ਜੀ ।*
*ਜਾਂਦੇ ਨਾਗਾਂ ਵਾਂਗੂੰ ਛੂਕਦੇ ਗੁਰਾਂ ਦੇ ਤੀਰ ਜੀ ।*

3

*ਜਾਨਾਂ ਤਲੀ ਉੱਤੇ ਰੱਖ ਕੇ ਮਝੈਲਾਂ ਨੇ ।*
*ਹੱਲਾ ਬੋਲ ਦਿੱਤਾ ਜੰਗੀ ਜਰਨੈਲਾਂ ਨੇ ।*
*ਮੌਤ ਪਾਂਵਦੀ ਖੁਸ਼ੀ 'ਚ ਫਿਰੇ ਪੈਲਾਂ ਨੇ ।*
*ਮੱਚੀ ਸ਼ਮ੍ਹਾਂ ਜਿਓਂ ਪਤੰਗੇ ਹੱਸ ਹੱਸ ਸੜਦੇ ।*
*ਜਾਨਾਂ ਤਲੀ ਉੱਤੇ ਰੱਖ ਕੇ ਮਝੈਲ ਲੜਦੇ ।*

4

*ਵੱਡੀ ਹੱਥ ਵਿੱਚ ਗੁਰਾਂ ਦੇ ਕਮਾਨ ਸੀ ।*
*ਜੈਸੇ ਪੀਂਘ ਪੈਗੀ ਵਿਚ ਅਸਮਾਨ ਸੀ ।*
*ਕੱਢੀ ਰੱਤ ਪੀਣੀ ਕਾਲੀ ਨੇ ਜ਼ਬਾਨ ਸੀ ।*
*ਸੀਨੇ ਵੈਰੀਆਂ ਦੇ ਕਰੀ ਜਾਂਦੇ ਲੀਰੋ-ਲੀਰ ਜੀ ।*
*ਜਾਂਦੇ ਨਾਗਾਂ ਵਾਂਗੂੰ ਛੂਕਦੇ ਗੁਰਾਂ ਦੇ ਤੀਰ ਜੀ ।*

5

*ਜਿਹੜੇ ਪਾਉਣ ਚੜ੍ਹੇ ਕੌਮ ਲਈ ਸ਼ਹੀਦੀਆਂ ।*
*ਮੌਤਾਂ ਹੱਸ ਹੱਸ ਜਿਨ੍ਹਾਂ ਨੇ ਖਰੀਦੀਆਂ ।*



*ਨਾਲ ਉਹਨਾਂ ਦੇ ਕੀ ਲੜਨਾ ਜਦੀਦੀਆਂ ।*
*ਸ਼ੇਰਾਂ ਬੱਬਰਾਂ ਨੂੰ ਵੇਖ ਕੇ ਗਿੱਦੜ ਦੜਦੇ ।*
*ਜਾਨਾਂ ਤਲੀ ਉੱਤੇ ਰੱਖ ਕੇ ਮਝੈਲ ਲੜਦੇ ।*

6

*ਤੀਰ ਚੱਲੇ ਹੋਏ ਗੁਰਾਂ ਦੀ ਕਮਾਨ ਚੋਂ ।*
*ਜ਼ਰਾ ਜਿੰਨੇ ਵੀ ਨਾ ਉੱਕਦੇ ਨਿਸ਼ਾਨ ਚੋਂ ।*
*ਦਿੰਦੇ ਵੈਰੀ ਨੂੰ ਨਾ ਨੱਸਣ ਮੈਦਾਨ ਚੋਂ ।*
*ਝੱਟ ਗਲੇ ਨਾਂ ਲਗਾਉਂਦੀ ਆ ਕੇ ਮੌਤ ਹੀਰ ਜੀ ।*
*ਜਾਂਦੇ ਨਾਗਾਂ ਵਾਂਗੂੰ ਸ਼ੂਕਦੇ ਗੁਰਾਂ ਦੇ ਤੀਰ ਜੀ ।*

7

*ਢਾਬ ਪਾਣੀ ਵਾਲੀ ਮੱਲ ਲਈ ਦਲੇਰਾਂ ਨੇ ।*
*ਲਾਇਆ ਜ਼ੋਰ ਦੋਵਾਂ ਧਿਰਾਂ ਦੇ ਪਲੇਰਾਂ ਨੇ ।*
*ਪੈਣ ਲੱਗੀਆਂ ਪਿਆਸਿਆਂ ਨੂੰ ਘੇਰਾਂ ਨੇ ।*
*ਮਾਰੇ ਗਰਮੀ ਦੇ ਕਾਲਜੇ ਕਈਆਂ ਦੇ ਸੜਦੇ ।*
*ਜਾਨਾਂ ਤਲੀ ਉਤੇ ਰੱਖ ਕੇ ਮਝੈਲ ਲੜਦੇ ।*

8

*ਸੱਚ ਕਵੀ ਜਰਨੈਲ ਸਿੰਘ ਕਹਿੰਦਾ ਹੈ ।*
*ਜਿਹੜੇ ਪਾਸੇ ਜ਼ੋਰ ਵੈਰੀਆਂ ਦਾ ਪੈਂਦਾ ਹੈ ।*
*ਰੋਕ ਬਾਜਾਂ ਵਾਲਾ ਤੀਰਾਂ ਨਾਲ ਲੈਂਦਾ ਹੈ ।*
*ਸੂਬੇਦਾਰ ਜੋ ਸਰਹੰਦ ਡੋਲਿਆ ਵਜ਼ੀਰ ਜੀ ।*
*ਜਾਂਦੇ ਨਾਗਾਂ ਵਾਂਗੂੰ ਸ਼ੂਕਦੇ ਗੁਰਾਂ ਦੇ ਤੀਰ ਜੀ ।*

ਇਹ ਲੜਾਈ 21 ਵੈਸਾਖ ਸਤਾਰਾਂ ਸੌ ਪੰਜ ਈਸਵੀ ਨੂੰ ਹੋਈ। ਜਿਥੇ ਗੁਰੂ ਕੇ ਖਾਲਸੇ ਵੱਧ ਵੱਧ ਕੇ ਲੜਦੇ ਸਨ ਉੱਥੇ ਸਿੱਖ ਬੀਬੀ ਮਾਤਾ ਭਾਗ ਕੌਰ ਵੀ ਬੜੀ ਬੀਰਤਾ ਅਤੇ ਬਹਾਦਰੀ ਨਾਲ ਤੇਗ ਚਲਾ ਰਹੀ ਹੈ।

## ਪਉੜੀ

1

*ਦੋਂਹ ਧਿਰਾਂ ਨੇ ਜ਼ੋਰ ਦੀ,*
*ਧੌਂਸੇ ਖੜਕਾਏ ।*
*ਜਿੱਤ ਵਿਆਵਣ ਸੂਰਮੇ,*
*ਸਿਹਰੇ ਬੰਨ੍ਹ ਆਏ ।*

ਰਣ ਵਿੱਚ ਗਰਜੀ ਚੰਡਕਾ,
ਹੋ ਦੂਣੀ ਤੀਣੀ ।
ਵੱਧ ਵੱਧ ਤੇਗਾਂ ਮਾਰਦੀ,
ਮਾਝੇ ਦੀ ਸ਼ੀਹਣੀ ।

2

ਚੜ੍ਹੀ ਜੋ ਪਿੰਡ ਝਬਾਲ ਤੋਂ,
ਕਰ ਲੰਮੀ ਧਾਈ ।
ਜੋ ਟੁੱਟੀ ਗੰਢਵੌਣ ਨੂੰ,
ਵੀਰਾਂ ਸੰਗ ਆਈ ।
ਗੈਰਤ ਬਦਲੇ ਮਰਨ ਲਈ,
ਗੈਰਤ ਨਾਲ ਜੀਣੀ ।
ਵੱਧ ਵੱਧ ਤੇਗਾਂ ਮਾਰਦੀ,
ਮਾਝੇ ਦੀ ਸ਼ੀਹਣੀ ।

3

ਸਰਬ ਲੋਹੇ ਦੀ ਧਾਰਨੀ,
ਪਾ ਜੰਗੀ ਬਾਣਾ ।
ਪੜ੍ਹਦੀ ਚੰਡੀ ਵਾਰ ਜੋ,
ਮਰਦਾਂ ਦਾ ਗਾਣਾ ।
ਕੜਿਆਂ ਨੂੰ ਛਣਕਾਰਦੀ,
ਉਹਦੀ ਸੱਜੀ ਵੀਣੀ ।
ਵੱਧ ਵੱਧ ਤੇਗਾਂ ਮਾਰਦੀ,
ਮਾਝੇ ਦੀ ਸ਼ੀਹਣੀ

4

ਸੂਰਜ ਜਿਉਂ ਪ੍ਰਭਾਤ ਦਾ,
ਇਉਂ ਲਾਲੀਆਂ ਚੜ੍ਹੀਆਂ ।
ਉਹਦਾ ਘੋੜਾ ਜਾਏ ਲਤਾੜਦਾ,
ਲੋਥਾਂ ਦੀਆਂ ਥੜ੍ਹੀਆਂ ।
ਜਾਂਦੀ ਦੁਸ਼ਮਣ ਦਲਾਂ ਨੂੰ,
ਪੈਰਾਂ ਵਿਚ ਰੀਣੀ ।
ਵੱਧ ਵੱਧ ਤੇਗਾਂ ਮਾਰਦੀ,
ਮਾਝੇ ਦੀ ਸ਼ੀਹਣੀ ।



5

ਜੰਗੀ ਕਰਤਵ ਓਸ ਨੇ,
ਬਚਪਨ ਵਿੱਚ ਸਿੱਖੇ ।
ਕਿੱਦਾਂ ਤੇਗ ਚਲਾਵਣੀ,
ਤੇ ਨੇਜ਼ੇ ਤਿੱਖੇ ।
ਖੱਪਰ ਦੁਸ਼ਮਣ ਰੱਤ ਦੇ,
ਭਰ ਭਰ ਕੇ ਪੀਣੀ ।
ਵੱਧ ਵੱਧ ਤੇਗਾਂ ਮਾਰਦੀ,
ਮਾਝੇ ਦੀ ਸ਼ੀਹਣੀ ।

6

ਫੌਜ ਵਜੀਦੇ ਖਾਨ ਦੀ,
ਗਈ ਅੱਧੀ ਮਾਰੀ ।
ਕਿਉਂਕਿ ਲੜਿਆ ਖਾਲਸਾ,
ਕਰ ਬਹੁਤ ਤਿਆਰੀ ।
ਨੀਤੀ ਖਾਨ ਵਜ਼ੀਰ ਦੀ,
ਸੀ ਬਹੁਤ ਕਮੀਣੀ ।
ਵੱਧ ਵੱਧ ਤੇਗਾਂ ਮਾਰਦੀ,
ਮਾਝੇ ਦੀ ਸ਼ੀਹਣੀ ।

7

ਜਰਨੈਲ ਸਿੰਘਾ ਆ ਘਾਬਰੇ,
ਤੁਰਕਾਂ ਦੇ ਟੋਲੇ ।
ਮਰਦ ਮੁਝੈਲਾਂ ਜੋਧਿਆਂ,
ਪੈਰਾਂ ਵਿੱਚ ਰੋਲੇ ।
ਜਿਹੜੇ ਪਾਸੇ ਵੇਖਦੇ,
ਪਈ ਮੌਤ ਪਰੀਣੀ ।
ਵੱਧ ਵੱਧ ਤੇਗਾਂ ਮਾਰਦੀ,
ਮਾਝੇ ਦੀ ਸ਼ੀਹਣੀ ।

ਕਲਗੀਧਰ ਜੀ ਨੇ ਸਿੰਘ ਦਾ ਸੁਭਾਅ ਸ਼ੇਰ ਵਰਗਾ ਬਣਾ ਦਿੱਤਾ ਹੈ । ਸ਼ੇਰ ਵੀ ਜਿਉਂ-ਜਿਉਂ ਜਖਮੀ ਹੁੰਦਾ ਜਾਂਦਾ ਹੈ ਸਗੋਂ ਭਿਆਨਕ ਬਣ ਜਾਂਦਾ ਹੈ ਤੇ ਸਿੰਘ ਵੀ ਜਿਉਂ-ਜਿਉਂ ਫੱਟੜ ਹੁੰਦੇ ਜਾਂਦੇ ਨੇ ਤਿਉਂ-ਤਿਉਂ ਭਿਆਨਕ ਰੂਪ ਧਾਰ ਲੈਂਦੇ ਨੇ । ਮਾਤਾ ਭਾਗ ਕੌਰ ਵੀ ਜਿੰਨੀ ਜਖਮੀ ਹੁੰਦੀ ਜਾਂਦੀ ਹੈ ਤਿਉਂ ਰੋਹ ਚੜ੍ਹਦਾ ਜਾਂਦਾ ਹੈ ।

(ਬੈਂਤ)

1

*ਮਾਤਾ ਭਾਗੋ ਹੈ ਭਖੀ ਅੰਗਿਆਰ ਵਾਂਗੂੰ,*
*ਦੂਣਾ ਪਾਇਆ ਰੁਕਾਬਾਂ ਤੇ ਭਾਰ ਹੈ ਜੀ ।*

2

*ਸ਼ੀਹਣੀ ਪੰਥ ਦੀ ਚੰਡੀ ਦਾ ਰੂਪ ਕਰਕੇ,*
*ਵਾਹੁੰਦੀ ਜੰਗ ਦੇ ਵਿਚ ਤਲਵਾਰ ਹੈ ਜੀ ।*

3

*ਧਰਮ ਰੱਖਣੇ ਨੂੰ ਦੈਂਤ ਭੱਖਣੇ ਨੂੰ,*
*ਆਈ ਚੰਡਕਾ ਯੁੱਧ ਵਿਚਕਾਰ ਹੈ ਜੀ ।*

4

*ਖੱਬੀ ਖਾਨ ਜੋ ਚੜ੍ਹੇ ਦਸਮੇਸ਼ ਉੱਤੇ,*
*ਵਾਹੇ ਉਹਨੇ ਲਲਕਾਰ ਲਲਕਾਰ ਹੈ ਜੀ ।*

5

*ਕੀਤਾ ਭੇਸ ਮਰਦਾਵਾਂ ਤੇ ਵਾਂਗ ਮਰਦਾਂ,*
*ਵਾਰ ਰੋਕਦੀ ਤੇ ਕਰਦੀ ਵਾਰ ਹੈ ਜੀ ।*

6

*ਮਾਣ ਜਿਨ੍ਹਾਂ ਨੂੰ ਬਹੁਤ ਸੀ ਡੌਲਿਆਂ ਤੇ,*
*ਗਏ ਜੰਗ ਵਿੱਚ ਹੌਸਲੇ ਹਾਰ ਹੈ ਜੀ ।*

7

*ਮਾਲਕ ਪੰਥ ਦੇ ਪਿਤਾ ਦਸਮੇਸ ਮੇਰੇ,*
*ਵੇਖ ਕਹਿਣ ਬਲਿਹਾਰ ਬਲਿਹਾਰ ਹੈ ਜੀ ।*

8

*ਫੱਟ ਖਾ ਖਾ ਕੇ ਡਿੱਗੀ ਘਾਇਲ ਹੋ ਕੇ,*
*ਬਾਜਾਂ ਵਾਲੇ ਨੂੰ ਅੰਤ ਸੀ ਯਾਦ ਕਰਦੀ ।*

9

*ਸਾਡੀ ਬਖਸ਼ ਦੇ ਭੁੱਲ ਦਸਮੇਸ਼ ਦਾਤੇ,*
*ਡਿੱਗੀ ਧਰਤ ਤੇ ਇੰਜ ਫਰਿਆਦ ਕਰਦੀ ।*

ਬੜਾ ਭਿਆਨਕ ਜੰਗ ਹੋਇਆ । ਇਹ ਗੁਰੂ ਗੋਬਿੰਦ ਜੀ ਦਾ ਚੌਦ੍ਹਵਾਂ ਜੁੱਧ ਹੈ। ਟਿੱਬੀ ਸਾਹਿਬ ਤੋਂ ਗੁਰ ਜੀ ਨੇ ਤੀਰ ਮਾਰ ਮਾਰ ਕੇ ਵੈਰੀ ਦਾ ਬਹੁਤ ਨੁਕਸਾਨ ਕੀਤਾ । ਗਰਮੀ ਦੇ ਦਿਨ ਸਨ ਤੁਰਕਾਂ ਦੇ ਗਿੱਟਿਆਂ ਤੀਕ ਮੁੜ੍ਹਕੇ ਚੋ ਰਹੇ ਸਨ।



ਪਾਣੀ ਦੀ ਢਾਬ ਖਾਲਸੇ ਦੇ ਕਬਜ਼ੇ ਵਿੱਚ ਸੀ ।

ਲੱਖ ਜਤਨ ਕਰਕੇ ਵੀ ਮੁਗਲ ਫੌਜ ਇਸ ਤੇ ਕਬਜ਼ਾ ਨਾ ਕਰ ਸਕੀ । ਅੱਠ ਹਜ਼ਾਰ ਫੌਜ ਵਿਚੋਂ ਚਾਰ ਹਜ਼ਾਰ ਫੌਜੀ ਸਿੰਘਾਂ ਦੇ ਹੱਥੋਂ ਮਾਰੇ ਜਾ ਚੁੱਕੇ ਸੀ । ਪਠਾਣ ਹਸਨ ਖਾਂ ਜਰਨੈਲ ਕਸੂਰ ਵਾਲਾ ਘਾਬਰ ਕੇ ਕਪੂਰੇ ਚੌਧਰੀ ਜਿਸ ਨੂੰ ਉਸ ਨੇ ਗ੍ਰਿਫਤਾਰ ਕਰ ਕੇ ਬੰਦੀ ਬਣਾ ਕੇ ਨਾਲ ਲਿਆਂਦਾ ਹੋਇਆ ਸੀ ਉਹ ਅੰਦਰੋਂ ਦਸਮੇਸ਼ ਜੀ ਦੀ ਮਦਦ ਕਰ ਰਿਹਾ ਸੀ । ਘਾਬਰੇ ਹੋਏ ਹਸਨ ਖਾਂ ਨੇ ਕਿਹਾ ਇਸ ਢਾਬ ਤੇ ਸਾਥੋਂ ਕਬਜ਼ਾ ਨਹੀਂ ਕੀਤਾ ਜਾਣਾ, ਫੌਜ ਪਿਆਸ ਨਾਲ ਮਰ ਰਹੀ ਹੈ, ਇਹਨਾ ਦਾ ਮਨੋਬਲ ਡੋਲ ਗਿਆ ਹੈ। ਕਪੂਰਿਆ ਇਹ ਦੱਸ ਹੁਣ ਪਾਣੀ ਕਿਥੋਂ ਮਿਲੇਗਾ ? ਕਪੂਰੇ ਚੌਧਰੀ ਨੇ ਕਿਹਾ ਅੱਗੇ ਰੇਤਲਾ ਇਲਾਕਾ ਹੈ, ਵੀਹ-ਵੀਹ ਮੀਲ ਪਾਣੀ ਦੀ ਘੁੱਟ ਨਹੀਂ ਮਿਲੇਗੀ, ਜੇ ਪਿਛੇ ਮੁੜ ਪਵੋ ਤਾਂ ਪਾਣੀ ਪੰਜ ਛੇ ਮੀਲ ਤੇ ਮਿਲ ਪਵੇਗਾ। ਸੋ ਵਜ਼ੀਰ ਖਾਂ ਤੇ ਉਸ ਦੇ ਫੌਜਦਾਰ ਬਚੀ ਹੋਈ ਫੌਜ ਲੈ ਕੇ ਮੈਦਾਨ ਵਿਚੋਂ ਦੌੜ ਗਏ। ਉਧਰ ਭਾਈ ਮਹਾਂ ਸਿੰਘ ਜੀ ਦੇ ਜਥੇ ਦੇ ਸਾਰੇ ਸਿੰਘ ਸ਼ਹੀਦ ਹੋ ਗਏ, ਸਿਰਫ ਮਾਤਾ ਭਾਗ ਕੌਰ ਤੇ ਭਾਈ ਮਹਾਂ ਸਿੰਘ ਜੀ ਸਹਿਕ ਰਹੇ ਸਨ ਤੇ ਕਲਗੀਆਂ ਵਾਲੇ ਪਾਤਸ਼ਾਹ ਨੂੰ ਯਾਦ ਕਰਕੇ ਅਰਦਾਸ ਕਰ ਰਹੇ ਸਨ-ਹੇ ਦਾਤਾ ਜੀ ! ਕਿਰਪਾ ਕਰਕੇ ਸਾਨੂੰ ਦਰਸ਼ਨ ਦਿਉ ਤੇ ਸਾਡੀਆਂ ਭੁੱਲਾਂ ਨੂੰ ਬਖਸ਼ ਦਿਉ । ਉਧਰ ਕਲਗੀਧਰ ਪਾਤਸ਼ਾਹ ਜੀ ਮੈਦਾਨ ਵਿੱਚ ਪਹੁੰਚ ਕੇ ਭਾਈ ਮਹਾਂ ਸਿੰਘ ਜੀ ਦੇ ਮੂੰਹ ਵਿੱਚ ਪਾਣੀ ਪਾਉਂਦੇ ਨੇ ਤੇ ਘੁੱਟ ਕੇ ਛਾਤੀ ਨਾਲ ਲਾ ਕੇ ਕਹਿੰਦੇ ਨੇ—ਮੰਗ ਲੈ ਭਾਈ ਮਹਾਂ ਸਿੰਘਾ ਜੋ ਵੀ ਤੇਰਾ ਦਿਲ ਚਾਹੁੰਦਾ ਹੈ ਤੇ ਭਾਈ ਮਹਾਂ ਸਿੰਘ ਜੀ ਬੇਦਾਵਾ ਪਾੜਨ ਲਈ ਗੁਰੂ ਪਾਤਸ਼ਾਹ ਨੂੰ ਬਨੇਤੀ ਇਉਂ ਕਰਦਾ ਹੈ-

1

*ਮਾਰ ਮਾਰ ਤੇਗਾਂ ਸੂਰਮਾ,*
*ਅੰਤ ਡਿਗਿਆ ਸੀਨੇ 'ਚ ਫੱਟ ਖਾ ਕੇ ।*
*ਸਹਿਕੇ ਪ੍ਰਵਾਨੇ ਵਾਂਗਰਾਂ,*
*ਜਾਨ ਗੁਰ ਜੇ ਭੁੱਲਾਂ ਦੇ ਉੱਤੇ ਆ ਕੇ ।*
*ਬਾਜਾਂ ਵਾਲੇ ਪਾਤਸ਼ਾਹ ਨੇ,*
*ਲਾਇਆ ਸੀਨੇ ਨਾਲ ਭਰ ਕੇ ਕਲਾਵਾ ।*
*ਤੁੱਠਿਆਂ ਜੇ ਚੋਜੀ ਪ੍ਰੀਤਮਾਂ,*
*ਮੇਰੇ ਅੱਖਾਂ ਸਾਹਵੇਂ ਪਾੜ ਦੇ ਬੇਦਾਵਾ ।*

2

*ਨਾ ਮੈਂ ਰਾਜ ਭਾਗ ਚਾਂਹਵਦਾ,*
*ਨਾ ਮੈਂ ਚਾਂਹਵਦਾ ਹਾਂ ਉਮਰ ਲੰਮੇਰੀ ।*

ਕਰਮਾਂ ਦੇ ਮਾਰਿਆਂ ਉੱਤੇ,
ਦਾਤਾ ਮੇਹਰ ਦੀ ਨਜ਼ਰ ਹੋਜੇ ਤੇਰੀ ।
ਧੰਨ ਭਾਗ ਮੇਰੇ ਪ੍ਰੀਤਮਾਂ,
ਦਿੱਤਾ ਆਖਰੀ ਦੀ ਵਾਰ ਜੇ ਦਖਾਵਾ ।
ਤੁੱਠਿਆਂ ਜੇ ਚੋਜੀ ਪ੍ਰੀਤਮਾਂ,
ਮੇਰੇ ਅੱਖਾਂ ਸਾਹਵੇਂ ਪਾੜ ਦੇ ਬੇਦਾਵਾ ।

3

ਭੁੱਲ ਕੀਤੀ ਵੀਰਾਂ ਮੇਰਿਆਂ,
ਜਿਹਨਾਂ ਔਖੀ ਵੇਲੇ ਸਾਥ ਨਾ ਨਿਭਾਇਆ ।
ਲਿਖ ਕੇ ਬੇਦਾਵਾ ਦੇ ਦਿੱਤਾ,
ਦਾਗ ਮਾਝੇ ਦੇ ਮੱਥੇ ਤੇ ਜਿਨ੍ਹਾਂ ਲਾਇਆ ।
ਅੰਤ ਵੇਲੇ ਏਸ ਗੱਲ ਦਾ,
ਮੇਰੇ ਦਿਲ 'ਚ ਰਹੇ ਨਾ ਪਛਤਾਵਾ ।
ਤੁੱਠਿਆਂ ਜੇ ਚੋਜੀ ਪ੍ਰੀਤਮਾਂ,
ਮੇਰੇ ਅੱਖਾਂ ਸਾਹਵੇਂ ਪਾੜ ਦੇ ਬੇਦਾਵਾ ।

4

ਟੁੱਟੀ ਨੂੰ ਗੰਢਾਉਣ ਵਾਸਤੇ,
ਤਾਹੀਓਂ ਮਾਝਿਓਂ ਵਹੀਰਾਂ ਘੱਤ ਆਇਆ ।
ਔਰਤਾਂ ਦੇ ਤਾਹਨਿਆਂ ਨੇ,
ਸਾਡੇ ਫੱਟਾਂ ਤੇ ਲੂਣ ਛੜਕਾਇਆ ।
ਜ਼ਾਲਮ ਵਜ਼ੀਰ ਖਾਨ ਤੇ,
ਤਾਹੀਉਂ ਬੋਲਿਆ ਗੁੱਸੇ ਦੇ ਵਿੱਚ ਧਾਵਾ ।
ਤੁੱਠਿਆਂ ਜੇ ਚੋਜੀ ਪ੍ਰੀਤਮਾਂ,
ਮੇਰੇ ਅੱਖਾਂ ਸਾਹਵੇਂ ਪਾੜ ਦੇ ਬੇਦਾਵਾ ।

5

ਪਿਆਰੇ ਨੂੰ ਰੀਝੌਣ ਵਾਸਤੇ,
ਕਦੇ ਮਾਸ ਪੈਂਦਾ ਪੱਟ ਦਾ ਖਵੌਣਾ ।
ਕੱਚਿਆਂ ਤੇ ਪੈਂਦਾ ਠਿੱਲ੍ਹਣਾ,
ਮੌਤ ਵੇਖ ਕੇ ਨਹੀਂ ਘਬਰੌਣਾ ।
ਅਜ਼ਾਦੀ ਦਿਆਂ ਆਸ਼ਕਾਂ ਦਾ,
ਹੁੰਦਾ ਨਾਲ ਹੈ ਸਿਰਾਂ ਦੇ ਦਾਅਵਾ ।



ਤੁੱਠਿਆਂ ਜੇ ਚੋਜੀ ਪ੍ਰੀਤਮਾਂ,
ਮੇਰੇ ਅੱਖਾਂ ਸਾਹਵੇਂ ਪਾੜ ਦੇ ਬੇਦਾਵਾ ।

6

ਏਨੀ ਸੁਣ ਬਾਜਾਂ ਵਾਲੇ ਨੇ,
ਮਹਾਂ ਸਿੰਘ ਦੀਆਂ ਅੱਖੀਆਂ ਦੇ ਸਾਵ੍ਹੇਂ ।
ਪਾੜਤਾ ਬੇਦਾਵਾ ਹੱਸ ਕੇ,
ਕਿਹੜੀ ਗੱਲੋਂ ਤੂੰ ਸਿੰਘਾ ਘਬਰਾਵੇਂ ।
ਮਹਾਂ ਸਿੰਘ ਜਰਨੈਲ ਨੂੰ,
ਜਾਂਦੀ ਵਾਰ ਦੀ ਗੁਰਾਂ ਨੇ ਦਿੱਤੀ ਸ਼ਾਵਾ ।
ਤੁੱਠਿਆਂ ਜੇ ਚੋਜੀ ਪ੍ਰੀਤਮਾਂ,
ਮੇਰੇ ਅੱਖਾਂ ਸਾਹਵੇਂ ਪਾੜ ਦੇ ਬੇਦਾਵਾ ।

ਭਾਈ ਮਹਾਂ ਸਿੰਘ ਦਾ ਤਰਲਾ ਸੁਣ ਕੇ 'ਧੰਨ ਸਿੱਖੀ ਧੰਨ ਸਿੱਖੀ' ਕਹਿ ਕੇ ਗੁਰੂ ਜੀ ਨੇ ਬੇਦਾਵੇ ਵਾਲਾ ਕਾਗਜ਼ ਪਾੜ ਦਿੱਤਾ। ਬਚਨ ਕੀਤਾ ਕਿ ਇਹ ਸਿੰਘ ਮੁਕਤੀ ਨੂੰ ਪ੍ਰਾਪਤ ਕਰਕੇ ਸੱਚਖੰਡ ਨੂੰ ਚਲੇ ਗਏ ਨੇ। ਮੁਕਤਸਰ ਖਦਰਾਣੇ ਦੀ ਢਾਬ ਨੂੰ ਮੁਕਤਸਰ ਸਾਹਿਬ ਕਹਿ ਕੇ ਨਿਵਾਜ਼ਿਆ । ਇਹਨਾਂ ਸ਼ਹੀਦਾਂ ਦਾ ਸਸਕਾਰ ਕਲਗੀਧਰ ਪਿਤਾ ਜੀ ਨੇ ਹੱਥੀਂ ਕੀਤਾ । ਜਿਹੜੇ ਵਰ ਗੁਰੂ ਪਾਤਸ਼ਾਹ ਨੇ ਬਖਸ਼ਸ਼ ਕੀਤੇ ਉਹਨਾਂ ਦਾ ਵੇਰਵਾ ਇੰਜ ਕੀਤਾ ਹੈ-

**ਟਰਨ ਛੰਦ**

1

ਸ਼ਹੀਦਾਂ ਦਾ ਸਸਕਾਰ ਗੁਰੂ ਜੀ ਹੱਥੀਂ ਕਰਦੇ ਨੇ ।
ਲੋਕ ਉਹਨਾਂ ਨੂੰ ਪੂਜਣ ਜਿਹੜੇ ਧਰਮ ਤੋਂ ਮਰਦੇ ਨੇ ।
ਜਿਹੜੇ ਰਣ ਵਿੱਚ ਜੂਝੇ ਲਾ ਕੇ ਚੋਟ ਨਗਾਰਿਆਂ ਨੂੰ ।
ਦਸਮ ਪਿਤਾ ਵਰ ਦਿੰਦੇ ਅਮਰ ਸ਼ਹੀਦਾਂ ਸਾਰਿਆਂ ਨੂੰ ।

2

ਮਹਾਂ ਸਿੰਘਾ ਤੂੰ ਖੱਟ ਲਿਆ ਟਿੱਕਾ ਜੱਸ ਨੇਕੀ ਦਾ ।
ਕੀਰਤ ਸਿੰਘ ਨੂੰ ਦਿੱਤਾ ਹੈ ਵਰ ਗੁਰਾਂ ਬਬੇਕੀ ਦਾ ।
ਮੌਤ ਵਰੀ ਅੱਜ ਮਰਦੋ ਉੱਚੀ ਛੱਡ ਜੈਕਾਰਿਆਂ ਨੂੰ ।
ਦਸਮ ਪਿਤਾ ਵਰ ਦਿੰਦੇ ਅਮਰ ਸ਼ਹੀਦਾਂ ਸਾਰਿਆਂ ਨੂੰ ।

3

ਆਹ ਹੈ ਦਸ ਹਜ਼ਾਰੀ, ਆਹ ਹੈ ਵੀਹ ਹਜ਼ਾਰੀ ਜੀ ।
ਇਹ ਹੈ ਤੀਹ ਹਜ਼ਾਰੀ, ਜਿਸ ਨੇ ਜਿੰਦੜੀ ਵਾਰੀ ਜੀ ।

ਸਿਰ ਦੇ ਕੇ ਨਜ਼ਰਾਨੇ, ਮੋਹ ਲਿਆ ਮਿੱਤਰ ਪਿਆਰਿਆਂ ਨੂੰ ।
ਦਸਮ ਪਿਤਾ ਵਰ ਦਿੰਦੇ ਅਮਰ ਸ਼ਹੀਦਾਂ ਸਾਰਿਆਂ ਨੂੰ ।

4

ਆਹ ਹੈ ਪੂਰਾ ਚਾਲ੍ਹੀ, ਉਹ ਪੰਜਾਹ ਹਜ਼ਾਰੀ ਜੀ ।
ਸਵਾ ਲੱਖੀ ਦੋ ਦੂਲਿਆਂ ਨੇ ਨਾ ਘੱਟ ਗੁਜ਼ਾਰੀ ਜੀ ।
ਨਦੀ ਖੂਨ ਦੀ ਤਰ ਕੇ ਲਾ ਗਏ ਹੱਥ ਕਿਨਾਰਿਆਂ ਨੂੰ ।
ਦਸਮ ਪਿਤਾ ਵਰ ਦਿੰਦੇ ਅਮਰ ਸ਼ਹੀਦਾਂ ਸਾਰਿਆਂ ਨੂੰ ।

5

ਬੁੱਢਾ ਸਿੰਘ ਨੂੰ ਕਹਿੰਦੇ ਇਹ ਦਿੱਲੀ ਦਾ ਰਾਜਾ ਜੀ ।
ਚੰਬਾ ਸਿੰਘ ਨੂੰ ਲਾਹੌਰ ਦੇਣ ਦਾ ਕਰ ਲਿਆ ਵਾਅਦਾ ਜੀ ।
ਧਰਮ ਸਿੰਘ ਜੀ ਸਾਂਭ ਲਵੇਗਾ ਬਲਖ ਬੁਖਾਰਿਆਂ ਨੂੰ ।
ਦਸਮ ਪਿਤਾ ਵਰ ਦਿੰਦੇ ਅਮਰ ਸ਼ਹੀਦਾਂ ਸਾਰਿਆਂ ਨੂੰ ।

6

ਕਾਬਲ ਅਤੇ ਕੰਧਾਰ ਈਰਾਨ ਤੇ ਮੱਕਾ ਮਦੀਨਾ ਜੀ ।
ਇਹਨੀਂ ਥਾਂਈਂ ਹੋਵਣਗੇ ਸਿੰਘ ਤਖਤ-ਨਸ਼ੀਨਾ ਜੀ ।
ਉੱਤਰ ਪੱਛਮ ਪੂਰਬ ਵੰਡਤਾ ਪਾਸੇ ਚਾਰਿਆਂ ਨੂੰ ।
ਦਸਮ ਪਿਤਾ ਵਰ ਦਿੰਦੇ ਅਮਰ ਸ਼ਹੀਦਾਂ ਸਾਰਿਆਂ ਨੂੰ ।

7

ਭਾਗ ਕੌਰ ਚੰਡੀ ਸਿੱਖ ਪੰਥ ਦੀ ਸ਼ੀਹਣੀ ਜੀ ।
ਭਰ ਭਰ ਖੱਪਰ ਰੱਤ ਸਿੱਖੀ ਦੁਸ਼ਮਣ ਦੀ ਪੀਣੀ ਜੀ ।
ਏਸ ਗੰਢਾਈ ਟੁੱਟੀ ਵਾਹ ਖੰਡੇ ਦੋਧਾਰਿਆਂ ਨੂੰ ।
ਦਸਮ ਪਿਤਾ ਵਰ ਦਿੰਦੇ ਅਮਰ ਸ਼ਹੀਦਾਂ ਸਾਰਿਆਂ ਨੂੰ ।

8

ਮਹਾਂ ਸਿੰਘ ਜਰਨੈਲ ਨੂੰ ਕਹਿਣ ਮਹਾਨ ਹੈਂ ਸਿੰਘਾ ਤੂੰ ।
ਟੁੱਟੀ ਗੰਢਣ ਖਾਤਰ ਵਾਰੀ ਜਾਨ ਹੈ ਸਿੰਘਾ ਤੂੰ ।
ਅੱਗ ਚਿਖਾ ਨੂੰ ਲਾ ਤੀ ਦੇ ਕੇ ਰੁਤਬੇ ਭਾਰਿਆਂ ਨੂੰ ।
ਦਸਮ ਪਿਤਾ ਵਰ ਦਿੰਦੇ ਅਮਰ ਸ਼ਹੀਦਾਂ ਸਾਰਿਆਂ ਨੂੰ ।



# ਦਸਤਾਰ

ਜੀਹਦੇ ਸਿਰ ਦਸਤਾਰ ਜਵਾਨਾ ਉਹੀ ਹੈ ਸਰਦਾਰ ਜਵਾਨਾ ।
ਦਸਮ ਪਿਤਾ ਦੇ ਬੋਲ ਵਿਸਾਰੇ, ਜੋ ਵਾਰ ਗਿਆ ਪ੍ਰੀਵਾਰ ਜਵਾਨਾ।

1. ਸਿੱਖ ਸਰਦਾਰ ਕਦੇ ਨਾ ਹਾਰੇ,
ਸਹਿੰਦੇ ਰਹੇ ਤਸੀਹੇ ਭਾਰੇ ।
ਪਰਖ ਸਿੱਖੀ ਦੀ ਜ਼ਾਲਮ ਕਰਦੇ, ਖੋਪਰ ਸਿਰੋਂ ਉਤਾਰ ਜਵਾਨਾ।
ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ............
2. ਬੇਦਾਵੇ ਦੀ ਭੁੱਲ ਬਖਸ਼ਾਈ,
ਸਿੰਘਾਂ ਟੁੱਟੀ ਜਾ ਗੰਢਵਾਈ ।
ਮਾਂ ਭਾਗੋ ਦਾ ਤਾਹਨਾ ਸੁਣ ਕੇ, ਚੁੱਕੀ ਹੱਥ ਤਲਵਾਰ ਜਵਾਨਾ।
ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ...........
3. ਆਰਿਆਂ ਦੇ ਨਾਲ ਤਨ ਚਿਰਵਾ ਕੇ,
ਸੀ ਨਾ ਕੀਤੀ ਬੰਦ ਕਟਵਾ ਕੇ,
ਸਿੱਖੀ ਸਿਦਕ ਮੂਲ ਨਹੀਂ ਛੱਡਿਆ, ਝੱਲਗੇ ਅੱਤਿਆਚਾਰ ਜਵਾਨਾ।
ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ..........
4. ਤੋਪਾਂ ਟੈਂਕ ਤੇ ਰੰਬੀਆਂ ਆਰੇ,
ਸਿੱਖ ਇਹਨਾਂ ਤੋਂ ਕਦੇ ਨਾ ਹਾਰੇ,
ਜ਼ੋਰ ਲਗਾਉਂਦੀ ਹਾਰ ਜਾਂਵਦੀ, ਹਰ ਜ਼ਾਲਮ ਸਰਕਾਰ ਜਵਾਨਾ ।
ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ.........
5. ਸਿੰਘ ਮੁਕਾਵਣ ਵਾਲੇ ਮੁੱਕਗੇ,
ਸਿੰਘ ਝੁਕਾਵਣ ਵਾਲੇ ਝੁੱਕਗੇ,
ਸਿੱਖ ਵੇਖਣ ਨਾ ਹਾਰ ਕਦੇ ਵੀ, ਜੇ ਨਾ ਹੋਣ ਗਦਾਰ ਜਵਾਨਾ ।
ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ..........
6. ਸਿਰ ਉੱਪਰ ਦਸਤਾਰ ਨੂੰ ਰੱਖੀਏ,
ਕਾਇਮ ਇਹਦੇ ਸਤਿਕਾਰ ਨੂੰ ਰੱਖੀਏ,
ਸ਼ਾਨ ਪੱਗ ਦੀ ਸਭ ਤੋਂ ਉੱਚੀ, ਦੁਨੀਆਂ ਦੇ ਵਿਚਕਾਰ ਜਵਾਨਾ ।

ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ...........
7. ਵੱਖਰੀ ਹੈ ਪਹਿਚਾਣ ਸਿੰਘਾਂ ਦੀ,
ਇਹ ਪੱਗ ਹੈ ਸ਼ਾਨ ਸਿੰਘਾਂ ਦੀ,
ਤਾਜ ਸਿੱਖੀ ਦੇ ਨੂੰ ਕਿਉਂ ਸਮਝੇਂ ਬੇ-ਲੋੜਾ ਤੂੰ ਭਾਰ ਜਵਾਨਾ ।
ਜੀਹਦੇ ਸਿਰ ਦਸਤਾਰ ਜਵਾਨਾ
ਉਹੀ ਹੈ...........
8. ਪੰਜੇ ਕੱਕੇ ਧਾਰਨ ਵਾਲਾ,
ਬਾਣੀ ਨਿੱਤ ਉਚਾਰਨ ਵਾਲਾ,
ਦਸਮ ਪਿਤਾ ਦਾ ਸੱਚਾ ਸੁੱਚਾ, ਉਹੀ ਬਰਖੁਰਦਾਰ ਜਵਾਨਾ ।
ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ..........
9. ਜੋ ਸੀ ਮਾਧੋ ਦਾਸ ਬੈਰਾਗੀ,
ਅੰਮ੍ਰਿਤ ਪੀ ਕੇ ਗੈਰਤ ਜਾਗੀ,
ਖਾਨ ਵਜੀਦੇ ਜਹੇ ਹੰਕਾਰੀ, ਮਾਰੇ ਉਸ ਵੰਗਾਰ ਜਵਾਨਾ ।
ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ...........
10. ਹਿਰਦੇ "ਅਮਰ" ਵਸਾ ਲੈ ਬਾਣੀ,
ਪਰ ਨਾਰੀ ਧੀ ਭੈਣ ਵਖਾਣੀ,
ਦਨੀਆਂ ਸੀਸ ਝੁਕਾਉਂਦੀ ਪੜ੍ਹ ਕੇ, ਨਲੂਏ ਦਾ ਕਿਰਦਾਰ ਜਵਾਨਾ ।
ਜੀਹਦੇ ਸਿਰ ਦਸਤਾਰ ਜਵਾਨਾ,
ਉਹੀ ਹੈ ਸਰਦਾਰ ਜਵਾਨਾ ।



# ਵਿਰਸਾ

1. ਜੱਗ 'ਚ ਪੰਜਾਬੀਆਂ ਦੀ ਪੱਗ ਹੀ ਪਛਾਣ ਹੈ ।
ਤਲੀ ਉੱਤੇ ਸਿਰ ਤਾਂ ਵੀ ਜਿਸਮ 'ਚ ਜਾਨ ਹੈ ।
ਦੀਪ ਸਿੰਘ ਜੀ ਦੀ ਹਰ ਘਰ ਤਸਵੀਰ ਹੈ ।
ਦੁਨੀਆਂ ਦੇ ਨਾਲੋਂ ਸਾਡਾ ਵਿਰਸਾ ਅਮੀਰ ਹੈ ।
2. ਸੱਭਿਆ ਹੈ ਚਾਰ ਸਾਡਾ ਗੜ੍ਹੀ ਚਮਕੌਰ ਦੀ ।
ਉਬਲਦੀ ਦੇਗ ਲੋਹ ਸੜਦੀ ਲਾਹੌਰ ਦੀ ।
ਪੰਜਵੇਂ ਗੁਰਾਂ ਦਾ ਜੀਹਤੇ ਸੜਿਆ ਸਰੀਰ ਹੈ ।
ਦੁਨੀਆਂ ਦੇ ਨਾਲੋਂ ..........
3. ਜ਼ੋਰਾਵਰ ਫਤਹਿ ਜੀ ਅਜੀਤ ਤੇ ਜੁਝਾਰ ਨੂੰ ।
ਝੁਕਦਾ ਹੈ ਸਿਰ ਸਿਰਹੰਦ ਦੀ ਦੀਵਾਰ ਨੂੰ ।
ਜੀਹਦੇ 'ਚ ਖਲੋ ਕੇ ਘੜੀ ਸਾਡੀ ਤਕਦੀਰ ਹੈ ।
ਦੁਨੀਆਂ ਦੇ ਨਾਲੋਂ ..........
4. ਵੈਸਾਖੀ ਵਾਲੇ ਦਿਨ ਗੁਰਾਂ ਖਾਲਸਾ ਸਜਾਇਆ ਸੀ ।
ਉਸ ਵੇਲੇ ਚਿੜੀ ਕੋਲੋਂ ਬਾਜ ਮਰਵਾਇਆ ਸੀ ।
ਅੰਮ੍ਰਿਤ ਪੀ ਕੇ ਸੁੱਤੇ ਜਾਗਦੇ ਜ਼ਮੀਰ ਹੈ ।
ਦੁਨੀਆਂ ਦੇ ਨਾਲੋਂ ..........
5. ਬੱਚਿਆਂ ਨੂੰ ਦੂਰ ਰੱਖੋ ਹੀਰ ਦੀ ਕਹਾਣੀ ਤੋਂ ।
ਜਾਣੂ ਕਰਵਾਓ ਧੰਨ ਪੁੱਤਰਾਂ ਦੇ ਦਾਨੀ ਤੋਂ ।
ਸਾਡੇ ਗਲੋਂ ਤੋੜੀ ਜਿਨ੍ਹੇ ਜ਼ੁਲਮੀ ਜ਼ੰਜੀਰ ਹੈ ।
ਦੁਨੀਆਂ ਦੇ ਨਾਲੋਂ ..........
6. ਟੋਟੇ-ਟੋਟੇ ਹੋਏ ਕਦੇ ਸਾਡਿਆਂ ਭਰਾਵਾਂ ਦੇ ।
ਵੇਖੋ ਕਿੱਡੇ ਹੌਂਸਲੇ ਸੀ ਅਸਾਂ ਦੀਆਂ ਮਾਵਾਂ ਦੇ ।
ਨੇਜ਼ਿਆ ਤੇ ਟੰਗੇ ਸੋਹਲ ਫੁੱਲਾਂ ਤੋਂ ਸਰੀਰ ਹੈ ।
ਦੁਨੀਆਂ ਦੇ ਨਾਲੋਂ ..........
7. ਜਲ੍ਹਿਆਂ ਦੇ ਬਾਗ ਵਿਚ ਗੋਲੀਆਂ ਦੇ ਦਾਗ ਨੇ ।
ਜਿਹੜੀ ਥਾਂ ਪੰਜਾਬਣਾਂ ਦੇ ਉਜੜੇ ਸੁਹਾਗ ਨੇ ।
ਇੱਕੀ ਸਾਲੀਂ ਵੈਰ ਲੈਂਦਾ ਊਧਮ ਸਿਉਂ ਬੀਰ ਹੈ ।
ਦੁਨੀਆਂ ਦੇ ਨਾਲੋਂ ..........

8. ਆਪਸ ਦੇ ਵਿਚ ਵੀਰੋ ਸਦਾ ਹੀ ਪਿਆਰ ਰੱਖੋ ।
ਬੱਚਿਆਂ ਦੇ ਸਿਰਾਂ ਉਤੇ ਸਦਾ ਦਸਤਾਰ ਰੱਖੋ ।
ਸਾਂਭ ਲਉ "ਅਮਰ" ਇਹ ਤਾਂ ਕੀਮਤੀ ਜਗੀਰ ਹੈ ।
ਦੁਨੀਆਂ ਦੇ ਨਾਲੋਂ ਸਾਡਾ ਵਿਰਸਾ ਅਮੀਰ ਹੈ ।

*



### ਪ੍ਰਸੰਗ

# ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ

## ਗੂੰਗੇ ਤੋਂ ਅਰਥ ਕਰਵਾਉਣ ਦੀ ਸਾਖੀ

ਮਹਾਰਾਜ ਜੀ ਦਾ ਜਨਮ ਕੀਰਤਪੁਰ ਦੀ ਪਵਿੱਤਰ ਧਰਤੀ ਤੇ ਮਾਤਾ ਕ੍ਰਿਸ਼ਨ ਕੌਰ ਤੇ ਪਿਤਾ ਸ੍ਰੀ ਗੁਰੂ ਹਰਿਰਾਏ ਜੀ ਦੇ ਘਰ ਸੋਮਵਾਰ 8 ਸਾਵਣ, ਸਾਵਣ ਵਦੀ 10, 7 ਜਲਾਈ 1656 ਈਸਵੀ ਨੂੰ ਹੋਇਆ । ਗੁਰਗੱਦੀ 5 ਕੱਤਕ, 6 ਅਕਤੂਬਰ 1661 ਈ: ਨੂੰ ਪੰਜ ਸਾਲ ਤਿੰਨ ਮਹੀਨੇ ਦੀ ਉਮਰ ਵਿੱਚ ਬੈਠੇ । ਦਿੱਲੀ ਦੀ ਸੰਗਤ ਤੇ ਰਾਜਾ ਮਿਰਜ਼ਾ ਜੈ ਸਿੰਘ ਨੇ 50 ਆਦਮੀ ਦੇ ਕੇ ਆਪਣੇ ਦੀਵਾਨ ਪਰਸ ਰਾਮ ਨੂੰ ਭੇਜਿਆ ਕਿ ਗੁਰੂ ਸਾਹਿਬ ਜੀ ਦਿੱਲੀ ਦੀ ਸੰਗਤ ਤੇ ਰਾਜਾ ਜੈ ਸਿੰਘ ਨੂੰ ਕਿਰਪਾ ਕਰਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ । ਗੁਰੂ ਜੀ ਇਹਨਾਂ ਦੀ ਬੇਨਤੀ ਮੰਨ ਕੇ ਕੁਝ ਸਿੱਖ ਤੇ ਆਪਣੀ ਮਾਤਾ ਜੀ ਨੂੰ ਨਾਲ ਲੈ ਕੇ ਦਿੱਲੀ ਨੂੰ ਤੁਰ ਪਏ । ਜਦੋਂ ਸਤਿਗੁਰੂ ਜੀ ਅੰਬਾਲੇ ਦੇ ਨੇੜੇ ਪਹੁੰਚੇ ਤਾਂ ਪਤਾ ਲੱਗਾ ਕਿ ਹਜ਼ਾਰਾਂ ਸੰਗਤਾਂ ਸਾਡੇ ਪਿਛੇ ਦਿੱਲੀ ਜਾਣ ਲਈ ਤੁਰੀਆਂ ਆ ਰਹੀਆਂ ਨੇ, ਤਾਂ ਗੁਰੂ ਜੀ ਨੇ ਉਹਨਾ ਸੰਗਤਾਂ ਨੂੰ ਵਾਪਸ ਮੋੜਨ ਲਈ ਪੰਜੋਖਰਾ ਸਾਹਿਬ ਦੀ ਪਾਵਨ ਧਰਤੀ ਤੇ ਡੇਰਾ ਲਾ ਦਿੱਤਾ । ਗੁਰੂ ਸਾਹਿਬ ਦਾ ਸੱਜਿਆ ਹੋਇਆ ਦਰਬਾਰ ਵੇਖ ਕੇ ਇੱਕ ਵਿਦਵਾਨ ਪੰਡਤ ਲਾਲ ਚੰਦ ਗੁਰੂ ਸਾਹਿਬ ਜੀ ਦੇ ਦਰਬਾਰ ਵੱਲ ਵੇਖ ਕੇ ਬੜਾ ਹੈਰਾਨ ਹੋਇਆ ਕਿ ਪੌਣੇ ਕੁ 8 ਸਾਲਾਂ ਦੇ ਬਾਲਕ ਗੁਰੂ ਅੱਗੇ ਸੱਠ-ਸੱਠ ਸਾਲ ਦੇ ਬਜ਼ੁਰਗ ਮੱਥਾ ਟੇਕ ਰਹੇ ਨੇ । ਪੰਡਤ ਜੀ ਨੇ ਹੈਰਾਨ ਹੋ ਕੇ ਪਹਿਰੇ ਤੇ ਖਲੋਤੇ ਗੁਰਸਿੱਖਾਂ ਨੂੰ ਪੁਛਿਆ ਕਿ ਬਾਲਕ ਕੌਣ ਹੈ, ਲੋਕ ਇਸ ਨੂੰ ਮੱਥਾ ਕਿਉਂ ਟੇਕ ਰਹੇ ਨੇ ? ਅੱਗੋਂ ਸਿੱਖਾਂ ਨੇ ਜਿਵੇਂ ਸਤਿਗੁਰ ਸੱਚੇ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਦੇ ਬਾਰੇ ਦੱਸਿਆ ਉਸ ਵੇਲੇ ਦਾ ਵੇਰਵਾ ਇਉਂ ਹੈ—

### ਬੈਂਤ

1

ਪੰਡਤ ਪੁੱਛਿਆ ਕੌਣ ਇਹ ਬਾਲਕਾ ਹੈ,
ਕਿਧਰੋਂ ਆਇਆ ਤੇ ਕਿਧਰ ਨੂੰ ਜਾ ਰਿਹਾ ਏ ।
ਮੱਥਾ ਟੇਕਦਾ ਜਿਸ ਨੂੰ ਜੱਗ ਸਾਰਾ,
ਆਪਣੇ ਸੀਸ ਤੇ ਚੌਰ ਝੁਲਾ ਰਿਹਾ ਏ ।

ਅੱਗੋਂ ਸਿੱਖਾਂ ਪਿਆਰ ਦੇ ਨਾਲ ਕਿਹਾ,
ਤੈਨੂੰ ਦੱਸੀਏ ਅਸਲ ਗਰਾਂ ਪੰਡਤਾ ।
ਨਾਨਕ ਗੁਰੂ ਦੀ ਗੱਦੀ ਅਵਤਾਰ ਅੱਠਵੇਂ,
ਹਰਿਕ੍ਰਿਸ਼ਨ ਹੈ ਇਨ੍ਹਾਂ ਦਾ ਨਾਂ ਪੰਡਤਾ ।

2

ਨਾਨਕ ਗੁਰੂ ਨੂੰ ਕੁੱਲ ਜਹਾਨ ਜਾਣੇ,
ਕਲਯੁੱਗ ਡੁੱਬਦਾ ਜਿਹਨਾਂ ਨੇ ਤਾਰਿਆ ਹੈ ।
ਨੌ ਖੰਡ ਤੇ ਪ੍ਰਿਥਵੀ ਚੱਕ ਚਾਰੇ,
ਛਿੱਟਾ ਨਾਮ ਦਾ ਦੇ ਕੇ ਜਿਨ ਠਾਰਿਆ ਹੈ ।
ਉਸੇ ਗੱਦੀ ਤੇ ਭਾਗ ਲਗਾ ਰਿਹਾ ਹੈ,
ਨਾਨਕ ਗਰਾਂ ਤੋਂ ਅੱਠਵੀਂ ਥਾਂ ਪੰਡਤਾ ।
ਨਾਨਕ ਗੁਰੂ ਦੀ ਗੱਦੀ..........

3

ਬਾਬੇ ਬਲੀ ਗੁਰਦਿੱਤੇ ਦਾ ਪੋਤਰਾ ਹੈ,
ਸੱਤਵੇਂ ਗੁਰਾਂ ਦਾ ਛੋਟਾ ਫਰਜੰਦ ਹੈ ਇਹ ।
ਚਾਨਣ ਕਰੇ ਹਨੇਰਿਆਂ ਹਿਰਦਿਆਂ 'ਚ,
ਸੋਢੀ ਬੰਸ ਦਾ ਚਮਕਦਾ ਚੰਦ ਹੈ ਇਹ ।
ਦੁੱਖ ਦੂਰ ਤੇ ਹਿਰਦੇ ਸਰੂਰ ਆਉਂਦਾ,
ਮੱਥਾ ਟੇਕਦੇ ਨੇ ਲੋਕੀਂ ਤਾਂ ਪੰਡਤਾ ।
ਨਾਨਕ ਗੁਰੂ ਦੀ ਗੱਦੀ............

4

ਹੀਰਾ ਛੋਟਾ ਅਕਾਰ ਦੇ ਵਿੱਚ ਹੁੰਦਾ,
ਕੀਮਤ ਵੱਡੀ ਜਹਾਨ ਤੇ ਪਾਂਵਦਾ ਹੈ ।
ਉਮਰੋਂ ਧਰੂ ਪ੍ਰਹਲਾਦ ਸਨ ਬਹੁਤ ਛੋਟੇ,
ਰੁਤਬਾ ਵੱਡਾ ਪਰ ਉਸ ਦੇ ਨਾਮ ਦਾ ਹੈ ।
ਉਹਨੂੰ ਪਲਾਂ ਵਿੱਚ ਭਵਜਲੋਂ ਪਾਰ ਕਰਦੇ,
ਫੜ ਲੈਂਦੇ ਨੇ ਜਿਨ੍ਹਾਂ ਦੀ ਬਾਂਹ ਪੰਡਤਾ ।
ਨਾਨਕ ਗੁਰੂ ਦੀ ਗੱਦੀ..........

5

ਪਾਰਸ ਲਗਿਆਂ ਕਥਨ ਸਿਆਣਿਆਂ ਦਾ,
ਲੋਹਾ ਸੋਨੇ ਦਾ ਰੂਪ ਵਟਾ ਜਾਂਦਾ ।



ਬੂਟੇ ਚੰਦਨ ਦੇ ਕੋਲ ਜੋ ਬਿਰਛ ਹੋਵੇ,
ਬਦਲ ਉਹਦਾ ਵੀ ਕਹਿੰਦੇ ਸੁਭਾਅ ਜਾਂਦਾ ।
ਜਿਹੜਾ ਇਹਨਾਂ ਦੇ ਚਰਨਾ ਤੇ ਆਣ ਡਿੱਗੇ,
ਬਖ਼ਸ਼ੇ ਜਾਂਦੇ ਨੇ ਕੁੱਲ ਗੁਨਾਹ ਪੰਡਤਾ ।
ਨਾਨਕ ਗੁਰੂ ਦੀ ਗੱਦੀ..........

6

ਮੱਥਾ ਨਾਲ ਹਕੂਮਤ ਦੇ ਲੱਗਿਆ ਹੈ,
ਦਿੱਲੀ ਵੱਲ ਨੂੰ ਪਾਤਸ਼ਾਹ ਜਾ ਰਹੇ ਨੇ ।
ਹੱਕ ਸੱਚ ਦਾ ਕਰਨ ਨਿਆਂ ਚੱਲੇ,
ਸੱਦੇ ਦਿੱਲੀ ਦਰਬਾਰ ਤੋਂ ਆ ਰਹੇ ਨੇ ।
ਹਾਕਮ ਓਹ ਬਰਬਾਦੀ ਦਾ ਬਣਣ ਕਾਰਨ,
ਜਿਹਨਾਂ ਦਰੋਂ ਨਾ ਮਿਲੇ ਨਿਆਂ ਪੰਡਤਾ ।
ਨਾਨਕ ਗੁਰੂ ਦੀ ਗੱਦੀ.........

ਸੁਣ ਕੇ ਹੰਕਾਰੀ ਪੰਡਤ ਨੂੰ ਅੱਗ ਲੱਗ ਉਠੀ । ਉਸ ਨੇ ਸਿੱਖਾਂ ਨੂੰ ਕਿਹਾ ਕਿ ਤੁਹਾਨੂੰ ਗੁਰੂ ਬਨਾਉਣ ਵਾਸਤੇ ਕੋਈ ਵੱਡੀ ਉਮਰ ਦਾ ਬਾਬਾ ਨਾ ਲੱਭਾ । ਦੱਸੋ ਇਹ ਬਾਲਕ ਕਿਸੇ ਨੂੰ ਕੀ ਗਿਆਨ ਕਰਦਾ ਹੋਵੇਗਾ ? ਦੂਸਰਾ ਕਹਿੰਦਾ ਮੈਨੂੰ ਤੁਹਾਡੇ ਗੁਰੂ ਤੇ ਬਹੁਤ ਗੁੱਸਾ ਹੈ ਕਿ ਉਸ ਨੇ ਸਾਡੇ ਦੁਆਪੁਰ ਯੁੱਗ ਦੇ ਅਵਤਾਰ ਕ੍ਰਿਸ਼ਨ ਭਗਵਾਨ ਤੋਂ ਵੀ ਡਬਲ ਨਾਮ ਕਿਉਂ ਰੱਖਿਆ । ਅੱਗੋਂ ਸਿੱਖਾਂ ਨੇ ਬੜੇ ਪਿਆਰ ਨਾਲ ਕਿਹਾ ਪੰਡਤ ਜੀ ਇਹ ਗੱਲ ਤੁਸੀਂ ਮਹਾਰਾਜ ਜੀ ਦੇ ਨਾਲ ਕਰ ਲਵੋ । ਪੰਡਤ ਦਿਲ ਵਿੱਚ ਸੋਚ ਰਿਹਾ ਸੀ ਕਿ 8 ਕੁ ਸਾਲਾਂ ਦਾ ਬਾਲ ਕੀ ਜਾਣਦਾ ਹੋਵੇਗਾ ? ਇਹ ਸੋਚ ਕੇ ਉਹ ਸਿੱਧਾ ਗੁਰੂ ਕੀ ਸੰਗਤ ਵਿੱਚ ਮਹਾਰਾਜ ਜੀ ਦੇ ਸਾਹਮਣੇ ਜਾ ਖਲੋਤਾ ਤੇ ਮੱਥਾ ਨਹੀ ਟੇਕਿਆ । ਗੁਰੂ ਜੀ ਪੁੱਛਦੇ ਨੇ ਆਵੋ ਪੰਡਤ ਜੀ ਕਿਵੇਂ ਦਰਸ਼ਨ ਦਿੱਤੇ ਨੇ, ਬੈਠੋ । ਅੱਗੋਂ ਹੰਕਾਰੀ ਪੰਡਤ ਬੋਲਿਆ ਮੈਂ ਕੋਈ ਮੱਥਾ ਟੇਕਣ ਨਹੀਂ ਆਇਆ, ਮੈਂ ਕੋਈ ਕਥਾ ਸੁਨਣ ਵਾਸਤੇ ਨਹੀ ਆਇਆ, ਮੈਂ ਬਿਨਾਂ ਅਜ਼ਮਾਇਸ਼ ਕੀਤੇ ਕਦੇ ਕਿਸੇ ਨੂੰ ਸਿਰ ਨਹੀਂ ਨਿਵਾਉਂਦਾ । ਮੈਨੂੰ ਤਾਂ ਤੁਹਾਡਾ ਨਾਮ ਸੁਣ ਕੇ ਹੀ ਅੱਗ ਲੱਗ ਗਈ ਹੈ, ਸਾਡੇ ਕ੍ਰਿਸ਼ਨ ਭਗਵਾਨ ਤੋਂ ਵੀ ਡਬਲ ਨਾਮ ਰੱਖ ਲਿਆ ਹੈ । ਚਲੋ ਕਹਿੰਦਾ ਮੈਂ ਮੰਨ ਲਵਾਂਗਾ ਜੇ ਕ੍ਰਿਸ਼ਨ ਭਗਵਾਨ ਜੀ ਦੀ ਰਚੀ ਗੀਤਾ ਦੇ ਅਰਥ ਕਰਕੇ ਸੁਣਾ ਦੇਵੇ । ਗੁਰੂ ਮਹਾਰਾਜ ਜੀ ਹੱਸ ਕੇ ਬੋਲੇ, ਪੰਡਤ ਜੀ ! ਇਹ ਕਿੱਡੀ ਕੁ ਗੱਲ, ਇਹ ਤਾਂ ਜਿਹੜੇ ਵੀ ਬੰਦੇ ਤੋਂ ਕਹੋ ਅਸੀ ਕਰਵਾ ਸਕਦੇ ਹਾਂ । ਇੱਕ ਪਾਸੇ ਪੰਡਤ ਤੇ ਦੂਜੇ ਪਾਸੇ ਗੁਰੂ ਜੀ ਸਵਾਲ ਜਵਾਬ ਇਉਂ ਕਰਦੇ ਹਨ—

## (ਮੇਘਵਰਨ ਛੰਦ)

1

ਲਾਲ ਚੰਦ ਕਹੇ ਹੰਕਾਰੀ ।
ਸੁਣ ਲਵੋ ਜੀ ਬਾਤ ਹਮਾਰੀ ।
ਉਮਰ ਛੁਟੇਰੀ ਤੁਹਾਡੀ ।
ਬਾਤ ਵਡੇਰੀ ਤੁਹਾਡੀ ।
ਮੱਥੇ ਜੱਗ ਕੋਲੋਂ ਫਿਰੇਂ ਤੂੰ ਟਕਾਉਂਦਾ ।
ਗੀਤਾ ਦੇ ਅਰਥ ਕਰ ਦੇ,
ਜੇ ਤੂੰ ਨਾਮ ਹਰਿਕ੍ਰਿਸ਼ਨ ਸਦਾਉਂਦਾ ।

2

ਸੁਣ ਕੇ ਤੇ ਸਤਿਗੁਰੂ ਬੋਲੇ ।
ਲਫਜ਼ ਜ਼ੁਬਾਨੋਂ ਤੋਲੇ ।
ਹੱਸਦਾ ਜਿਉਂ ਚੰਨ ਪ੍ਰਵਾਰੋਂ ।
ਕਿਰਦੇ ਸੀ ਫੁੱਲ ਮੁਖਾਰੋਂ ।
ਤੇਰੇ ਦਿਲਾਂ ਵਾਲੇ ਭਰਮ ਮਿਟਾ ਦਈਏ ।
ਤੂੰ ਜੀਹਦੇ ਕੋਲੋਂ ਕਢੇਂ ਪੰਡਤਾ,
ਤੈਨੂੰ ਗੀਤਾ ਦੇ ਅਰਥ ਕਰਵਾ ਦਈਏ ।

3

ਜ਼ਿੰਦਗੀ ਨਹੀਂ ਲਾਉਣੀ ਸੌਖੀ ।
ਵਿੱਦਿਆ ਨਹੀਂ ਪਾਉਣੀ ਸੌਖੀ ।
ਖਾ ਖਾ ਕੇ ਕੁੱਟ ਉਸਤਾਦਾਂ ।
ਵਿਦਿਆ ਦੀਆਂ ਮਿਲਣ ਮੁਰਾਦਾਂ
ਐਵੇਂ ਨਹੀਂ ਕੋਈ ਚਾਰ ਅੱਖਰ ਸਿਖਾਉਂਦਾ,
ਗੀਤਾ ਦੇ ਅਰਥ.....

4

ਪੰਡਤ ਘਬਰਾਓ ਨਾਹੀਂ ।
ਚੋਭਾਂ ਜਹੀਆਂ ਲਾਓ ਨਾਹੀਂ ।
ਵਿਦਿਆ ਦਾ ਮਾਣ ਤੁਹਾਨੂੰ ।
ਮਸਤਕ ਦਿੱਸ ਰਿਹਾ ਹੈ ਸਾਨੂੰ ।
ਤੈਨੂੰ ਦਿਲਾਂ ਦੀ ਰਮਜ਼ ਸਮਝਾ ਦਈਏ ।
ਜੀਹਦੇ ਕੋਲੋਂ.....



5

ਨਾਮ ਹਰਿਕ੍ਰਿਸ਼ਨ ਰੱਖਿਆ ।
ਮੈਨੂੰ ਇਹ ਮੂਲ ਨਾ ਜੱਚਿਆ ।
ਦੁਆਪਰ ਅਵਤਾਰ ਉਹ ਸਾਡਾ ।
ਕ੍ਰਿਸ਼ਨ ਮੁਰਾਰ ਉਹ ਸਾਡਾ ।
ਗਊਆਂ ਚਾਰਦਾ ਤੇ ਬੰਸਰੀ ਵਜਾਉਂਦਾ ।
ਗੀਤਾ ਦੇ ਅਰਥ......

6

ਲਿਖ ਲਿਖ ਕੇ ਜੇਤਾ ਪੜ੍ਹਿਆ ।
ਕਹਿੰਦੇ ਨੇ ਤੇਤਾ ਕੜ੍ਹਿਆ ।
ਪੰਡਤ ਜੀ ਦਾਤ ਅਲਾਹੀ ।
ਜਾਂਦੀ ਨਹੀਂ ਏਦਾਂ ਪਾਈ ।
ਗੰਗਾ ਚੜ੍ਹਦੇ ਨੂੰ ਉਲਟੀ ਵਗਾ ਦਈਏ ।
ਤੂੰ ਜੀਹਦੇ ਕੋਲੋਂ.......

7

ਪੜ੍ਹ ਪੜ੍ਹ ਕੇ ਗ੍ਰੰਥ ਹਜ਼ਾਰਾਂ ।
ਆਉਂਦੀਆਂ ਫੇਰ ਵਿਚਾਰਾਂ ।
ਬਾਲਾਂ ਦੀ ਖੇਡ ਨਹੀਂ ਇਹ ।
ਸਮਝੋ ਕੋਈ ਭੇਡ ਨਹੀਂ ਇਹ ।
ਮੇਰੇ ਮਨ ਨੂੰ ਯਕੀਨ ਨਹੀਂ ਜੇ ਆਉਂਦਾ ।
ਗੀਤਾ ਦੇ ਅਰਥ........

8

ਨਾਨਕ ਦਾ ਦਰ ਇਹ ਪੰਡਤਾ ।
ਰਹਿਮਤ ਦਾ ਘਰ ਇਹ ਪੰਡਤਾ ।
ਜੀਹਦੇ 'ਤੇ ਮਿਹਰਾਂ ਕਰਦੇ ।
ਪਿਆਰ ਦਾ ਹੱਥ ਜੇ ਧਰਦੇ
ਸੋਹਣੇ ਛੰਦ ਜਰਨੈਲ ਤੋਂ ਲਿਖਾ ਦਈਏ,
ਤੂੰ ਜੀਹਦੇ ਕੋਲੋਂ.......

ਪੰਡਤ ਸੁਣ ਕੇ ਬੜਾ ਹੈਰਾਨ ਹੋਇਆ ਕਿ ਹੁਣ ਕੀ ਕਰਾਂ ? ਕਿਹੜਾ ਬੰਦਾ ਅਨਪੜ੍ਹ ਹੋਵੇ, ਜਿਸ ਨੂੰ ਕੱਖ ਨਾ ਆਉਂਦਾ ਹੋਵੇ, ਉਹ ਲੱਗਾ ਲੋਕਾਂ ਦੇ ਚਿਹਰਿਆਂ ਵੱਲ ਵੇਖਣ । ਏਨੇ ਚਿਰਾਂ ਨੂੰ ਇੱਕ ਗਰੀਬ ਝੀਵਰ ਕੰਨਾਂ ਤੋਂ ਬੋਲਾ, ਮੂੰਹ ਤੋਂ ਗੁੰਗਾ, ਜਿਸ ਨੂੰ ਲੋਕ ਮੂਰਖ ਕਹਿੰਦੇ ਸਨ, ਪੰਡਤ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਸੀ ।

ਉਸ ਗਰੀਬ ਨੇ ਬੜੇ ਪਿਆਰ ਸ਼ਰਧਾ ਨਾਲ ਆਪਣੀ ਮਾਤਾ ਦੇ ਕਹਿਣ ਉਤੇ ਘਾਹ ਦੀ ਪੰਡ ਗੁਰੂ ਸਾਹਿਬ ਜੀ ਦੇ ਘੋੜਿਆਂ ਅੱਗੇ ਲਿਆ ਸੁੱਟੀ। ਬੱਸ ਫੇਰ ਕੀ ਸੀ, ਜਦੋਂ ਪੰਡਤ ਜੀ ਨੇ ਇਹ ਬੰਦਾ ਵੇਖਿਆ ਤਾਂ ਦਿਲ ਵਿੱਚ ਬਹੁਤ ਖੁਸ਼ ਹੋਇਆ, ਦੌੜ ਕੇ ਜਾ ਕੇ ਭਾਈ ਛੱਜੂ ਜੀ ਨੂੰ ਬਾਂਹ ਤੋਂ ਫੜ ਕੇ ਗੁਰੂ ਜੀ ਦੇ ਸਾਹਮਣੇ ਲਿਆ ਖੜਾ ਕੀਤਾ ਤੇ ਕਹਿਣ ਲੱਗਾ ਲਵੋ ਜੀ ਬੰਦਾ ਮੈਂ ਲੱਭ ਲਿਆਂਦਾ ਹੈ, ਇਸ ਨੂੰ ਕਹੋ ਕਿ ਗੀਤਾ ਦੇ ਅਰਥ ਕਰਕੇ ਸੁਣਾਵੇ। ਗੁਰੂ ਜੀ ਨੇ ਹੱਸ ਕੇ ਕਿਹਾ ਲਵੋ ਪੰਡਤ ਜੀ ਇਸ ਗੂੰਗੇ ਝੀਵਰ ਭਾਈ ਛੱਜੂ ਤੋਂ ਤੁਸੀ ਅਰਥ ਸੁਣ ਲਵੋ। ਮਹਾਰਾਜ ਜੀ ਨੇ ਆਪਣੀ ਪਿਆਰ ਭਰੀ ਮਿਹਰ ਦੀ ਨਜ਼ਰ ਉਸੇ ਗੂੰਗੇ ਉਤੇ ਪਾਈ, ਆਪਣੇ ਹੱਥ ਵਾਲੀ ਸੋਟੀ ਉਸ ਦੇ ਸਿਰ ਉਪਰ ਧਰ ਕੇ ਉਸ ਨੂੰ ਤਿੰਨ ਕਾਲ ਦੀ ਸੋਝੀ ਕਰਵਾ ਦਿੱਤੀ। ਜਿਵੇਂ ਉਸ ਨੇ ਗੀਤਾ ਦੇ ਅਰਥ ਸੁਣਾ ਕੇ ਪੰਡਤ ਜੀ ਦਾ ਹੰਕਾਰ ਤੋੜਿਆ ਉਸ ਵੇਲੇ ਦਾ ਸੀਨ ਇਸ ਤਰ੍ਹਾਂ ਹੈ—

### (ਦਵੱਈਆਂ ਛੰਦ)

1

ਸੜ ਬਲ ਕੇ ਜਦ ਪੰਡਤ ਛੱਜੂ,
ਝੀਵਰ ਤਾਈਂ ਲਿਆਇਆ।
ਹੱਥ ਮੂੰਹ ਧੋ ਕੇ ਆਸਣ ਉਪਰ,
ਉਸ ਨੂੰ ਜਦੋਂ ਬਿਠਾਇਆ।
ਮਿਹਰ ਦਾ ਮਾਲਕ ਮਿਹਰ 'ਚ ਆ ਕੇ,
ਸਿਰ ਤੇ ਛਟੀ ਟਿਕਾਉਂਦਾ
ਭਗਵਨ ਦੀ ਗੀਤਾ ਦੇ ਵੇਖੋ,
ਗੂੰਗਾ ਅਰਥ ਸੁਣਾਉਂਦਾ।

2

ਧੰਨ ਧੰਨ ਸਤਿਗੁਰੂ ਹਰਿਕ੍ਰਿਸ਼ਨ ਜਦ,
ਨਜ਼ਰ ਮੇਹਰ ਦੀ ਪਾਈ।
ਤੀਨ ਲੋਕ ਦੀ ਸੋਝੀ ਹੋਗੀ,
ਹਿਰਦੇ ਵਿੱਚ ਰੁਸ਼ਨਾਈ।
ਗਲ ਪੱਲਾ ਪਾ ਸਤਿਗੁਰੂ ਅੱਗੇ,
ਹੱਥ ਬੰਨ੍ਹ ਸੀਸ ਝੁਕਾਉਂਦਾ।
ਭਗਵਨ ਦੀ ਗੀਤਾ ਦੇ ਵੇਖੋ,
ਗੂੰਗਾ ਅਰਥ...........



3

ਛੱਜੂ ਆਖੇ ਸੁਣ ਓਏ ਪੰਡਤਾ।
ਉਸ ਮਾਲਕ ਤੋਂ ਡਰੀਏ।
ਧੰਨ ਜੋਬਨ ਵਿਦਿਆ ਜਵਾਨੀ ਦਾ,
ਮਾਣ ਕਦੇ ਨਾ ਕਰੀਏ।
ਅਰਸ਼ੋਂ ਫਰਸ਼ ਪਲਾਂ ਵਿੱਚ ਡੇਗੇ,
ਸ਼ਾਹਾਂ ਭੀਖ ਮੰਗਾਉਂਦਾ।
ਭਗਵਾਨ ਦੀ ਗੀਤਾ ਦੇ ਵੇਖੋ,
ਗੂੰਗਾ ਅਰਥ................

4

ਗੀਤਾ ਆਖੇ ਇਹ ਜੱਗ ਸੁਪਨਾ,
ਦੁਨੀਆਂ ਝੂਠੀ ਸਾਰੀ।
ਅਰਜਨ ਤਾਂਈਂ ਗਿਆਨ ਹੈ ਕਰਦਾ,
ਕਿਵੇਂ ਕ੍ਰਿਸ਼ਨ ਮੁਰਾਰੀ।
ਜਨਮ ਮਰਨ ਦੇ ਗੇੜ 'ਚ ਬੰਦਾ, ਕਈ ਜੂਨਾਂ ਵਿੱਚ ਭਾਉਂਦਾ।
ਭਗਵਾਨ ਦੀ ਗੀਤਾਂ ਦੇ ਵੇਖੋ........

5

ਰਾਜ ਨਸ਼ੇ ਦੇ ਲੋਰ 'ਚ ਜਿਸ ਦਮ,
ਕੈਰੋਂ ਗਏ ਹੰਕਾਰੇ।
ਦਾਸੀ ਪੁੱਤ ਕਹਿ ਬਿਦਰ ਭਗਤ ਨੂੰ,
ਉਹਨਾਂ ਮਿਹਣੇ ਮਾਰੇ।
ਖਾ ਕੇ ਸਾਗ ਅਲੂਣਾ ਭਗਵਨ,
ਗੀਤ ਪਿਆਰ ਦੇ ਗਾਉਂਦਾ।
ਭਗਵਨ ਦੀ ਗੀਤਾ ਦੇ ਵੇਖੋ,
ਗੂੰਗਾ ਅਰਥ..............

6

ਕੰਨਾਂ ਤੋਂ ਬੋਲਾ ਮੂਹੋਂ ਗੂੰਗਾ,
ਉੱਚੀ ਜਿਸ ਨੂੰ ਸੁਣਦਾ।
ਕਾਂਸ਼ੀ ਦੇ ਵਿਦਵਾਨਾਂ ਵਾਂਗਰ,
ਅੱਜ ਲਫਜ਼ ਉਹ ਚੁਣਦਾ।
ਮਿੱਠੇ ਬੋਲ ਮੂਹੋਂ ਫੁੱਲ ਕਿਰਦੇ,
ਸਭ ਦੇ ਮਨ ਨੂੰ ਭਾਉਂਦਾ।

ਭਗਵਨ ਦੀ ਗੀਤਾ ਦੇ ਵੇਖੋ,
ਗੂੰਗਾ ਅਰਥ..............

7

ਲਾਲ ਚੰਦ ਦੀ ਲਾਲੀ ਉੱਡਗੀ,
ਲੀਲ੍ਹਾ ਤੱਕ ਕੇ ਸਾਰੀ ।
ਆਣ ਡਿੱਗਾ ਸਤਿਗੁਰ ਦੇ ਚਰਨੀਂ,
ਆਖਰ ਨੂੰ ਹੰਕਾਰੀ ।
ਬਖਸ਼ ਦਿਉ ਜਰਨੈਲ ਕਵੀਸ਼ਰ,
ਦਾਤ ਕਾਵਿ ਦੀ ਚਾਹੁੰਦਾ ।
ਭਗਵਨ ਦੀ ਗੀਤਾ ਦੇ ਵੇਖੋ,
ਗੂੰਗਾ ਅਰਥ.............

ਪੰਡਤ ਲਾਲ ਚੰਦ ਦਾ ਹੰਕਾਰ ਟੁੱਟ ਗਿਆ ਤੇ ਉਹ ਮਹਾਰਾਜ ਜੀ ਦੇ ਚਰਨਾਂ ਤੇ ਢਹਿ ਪਿਆ ਤੇ ਹੱਥ ਜੋੜ ਕੇ ਸਿੱਖੀ ਦੀ ਦਾਤ ਮੰਗਦਾ ਹੈ । ਸਾਰੀ ਸੰਗਤ ਆਖੇ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਮਹਾਰਾਜ ਜੀ ।



# ਇੱਕ ਦੁਖਿਆਰੀ ਭੈਣ ਭਰਾ ਦੀ ਉਡੀਕ ਵਿੱਚ

(ਗੀਤ)

1

ਤੇਰੇ ਤੋਂ ਬਗੈਰ ਵੀਰਾ,
ਵਿਹੜਾ ਲੱਗੇ ਸੱਖਣਾ ।
ਹੋ ਗਿਆਂ ਅਲੋਪ ਕਿਥੇ,
ਮਾਂ ਦੇ ਚੰਨ ਮੱਖਣਾ ।
ਦਰਦ ਵਿਛੋੜੇ ਵਾਲੀ,
ਛੁਰੀ ਦਿਲ ਚੀਰਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

2

ਸਾਡਾ ਪਿਓ ਦਾਦੇ ਤੋਂ ਨਾ,
ਕਿਸੇ ਨਾਲ ਵੈਰ ਵੇ ।
ਫੇਰ ਵੀ ਕਮਾਇਆ ਕਾਹਤੋਂ,
ਡਾਢਿਆਂ ਨੇ ਕਹਿਰ ਵੇ ।
ਲਿਖਤੀ ਕਹਾਣੀ ਕੀਹਨੇ,
ਪੁੱਠੀ ਤਕਦੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

3

ਹੋ ਗਈ ਮੁੱਠ ਹੱਡੀਆਂ ਦੀ,
ਸੁੱਕ ਸੁੱਕ ਮਾਂ ਵੇ ।
ਭੁੱਬਾਂ ਮਾਰ ਰੋਵੇ ਜਾਂ,
ਬਨੇਰੇ ਬੋਲੇ ਕਾਂ ਵੇ ।
ਏਦੋਂ ਚੰਗਾ ਆਜੇ ਘੜੀ,
ਸਾਡੇ ਤੇ ਅਖੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

4

ਪੈਂਦੇ ਡੋਬ ਮੈਨੂੰ ਵੇਖ,
ਤੇਰੀਆਂ ਕਿਤਾਬਾਂ ਵੇ ।
ਮਾਂ ਨੇ ਰੱਖੇ ਸਾਂਭ ਸਾਂਭ,
ਬੂਟ ਤੇ ਜੁਰਾਬਾਂ ਵੇ ।
ਇੱਕ ਫੋਟੋ ਤੇਰੇ ਨਾਲ,
ਲੱਭੀ ਕੁਲਬੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

5

ਤੇਰਾ ਥਾਂ ਪਤਾ ਨਹੀਂ,
ਪੁਲੀਸ ਵਾਲੇ ਦੱਸਦੇ ।
ਪੁੱਛੀਏ ਜੇ ਥਾਨੇ ਜਾ ਕੇ,
ਉਲਟਾ ਉਹ ਹੱਸਦੇ ।
ਹਾਕਮ ਕਰਨ ਗੱਲ,
ਗਿਰੀ ਹੋਈ ਜ਼ਮੀਰ ਦੀ ।
ਇਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

6

ਤੇਰੇ ਹਾਣੀ ਲੰਘਦੇ,
ਕਈ ਰਾਹਾਂ ਥਾਣੀ ਵੇਖੇ ਵੇ ।
ਸੱਚ ਜਾਣੀ ਵੀਰਾ ਮੈਨੂੰ,
ਪੈਂਦੇ ਨੇ ਭੁਲੇਖੇ ਵੇ ।
ਤੇਰੇ ਜਹੀ ਸ਼ਕਲ ਦਿੱਸੇ,
ਕਿਸੇ ਰਾਹਗੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

7

ਜ਼ਕਰੀਆ ਖਾਨ ਤੋਂ ਵੀ,
ਪਾਪੀ ਸਰਕਾਰ ਵੇ ।
ਲੱਖੀਂ ਪੁੱਤ ਮਾਂਵਾਂ ਦੇ
ਬੇਦੋਸ਼ੇ ਦਿੱਤੇ ਮਾਰ ਵੇ ।



ਬੋਟੀ ਬੋਟੀ ਕੀਤੀ ਹੋਣੀ,
ਤੇਰੇ ਵੀ ਸਰੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

8

ਦਿਨੇ ਰਾਤੀ ਝੁਰਦਾ ਹੈ,
ਮੰਦਭਾਗਾ ਬਾਪ ਵੇ ।
ਦੇ ਜਾ ਧਰਵਾਸਾ ਕੇਰਾਂ,
ਇੱਕ ਵਾਰੀ ਆਪ ਵੇ ।
ਸੁਣ ਜਾ ਕਹਾਣੀ ਉਹਦੇ,
ਦਿਲ ਦਲਗੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

9

ਦੋ ਟਾਈਮ ਵੀਰਾ ਜਦੋਂ,
ਰੋਟੀ ਲੱਗਾਂ ਖਾਣ ਵੇ ।
ਉੱਡ ਉੱਡ ਅੱਖਾਂ ਤੇਰੇ,
ਰਾਹਾਂ ਵੱਲ ਜਾਣ ਵੇ ।
ਬਣ ਜਾਂਦੀ ਜ਼ਹਿਰ ਹੈ,
ਲਜ਼ਤ ਖੰਡ ਖੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

10

ਵੱਜਦੀ ਗਵਾਂਢੀਆਂ ਦੇ,
ਸੁਣਾਂ ਜਦੋਂ ਟੇਪ ਵੇ ।
ਭੈਣ ਦੀਆਂ ਆਂਦਰਾਂ ਨੂੰ,
ਪੈਂਦੇ ਨੇ ਵਲ੍ਹੇਟ ਵੇ ।
ਸਾਕਾ ਨੀਲਾ ਤਾਰਾ ਵੱਜੇ,
ਕੈਸਟ ਜਗੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

11

ਸਾਡੇ ਪਿੰਡ ਗਾਏ ਸੀ,
ਮੋਹਣ ਸਿੰਘ ਸਾਵੇਂ ਵੇ ।
ਸੰਨ ਸਨਤਾਲੀ ਆ ਗਿਆ,
ਅੱਖੀਆਂ ਦੇ ਸਾਹਵੇਂ ਵੇ ।
ਦੇਸ ਬਰਬਾਦੀ ਦਾ ਜੋ
ਨਕਸ਼ਾ ਲਕੀਰਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

12

ਕਹਿੰਦਾ ਜਰਨੈਲ ਸੱਚ,
ਆਖਿਆ ਦਨਾਵਾਂ ਵੇ ।
ਮਰ ਜਾਣ ਵੀਰ,
ਭੱਜ ਜਾਂਦੀਆਂ ਨੇ ਬਾਹਵਾਂ ਵੇ ।
ਲੱਭੇ ਨਾ ਦਵਾਈ ਸਾਡੇ,
ਜੱਗੋਂ ਟੁੱਟੇ ਸ਼ੀਰ ਦੀ ।
ਇੱਕ ਭੈਣ ਅਜੇ ਵੀ,
ਉਡੀਕ ਕਰੇ ਵੀਰ ਦੀ ।

✲

An I.S.O. 9001:2000 Certified Publishing House

ISBN 81-7601-769-8
9788176017695